ISSN 0972-2335

# ਅੰਮ੍ਰਿਤ ਕੀਰਤਨ

## ਮਈ 2020



(Bhai Nirmal Singh Khalsa receiving Padma Shri from the President Smt Pratibha Devi)

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਭਾਦੋਂ

ਭਾਦੋਂ ਭੱਲੀਓ ਭੱਲੀਓ ਸਹੀਓ
ਕਿਧਰ ਗਿਆ ਮਹੀਂਵਾਲਾ ਨੀ।
ਜਿਸਦਾ ਰੂਪ ਨੂਰਾਨੀ, ਸੋਹਣਾ
ਜੋਬਨ ਤੇ ਮਤਵਾਲਾ ਨੀ।
ਮੰਦਰ ਮਸੀਤਾਂ ਗਿਰਜੇ ਵਸਦਾ
ਖ਼ਾਲੀ ਨ ਕੋਈ ਸ਼ਿਵਾਲਾ ਨੀ।
ਨਾ ਮਿਲਦਾ ਪਰ ਮੈਂਨੂੰ ਸਈਓ
ਪੰਥ ਹੈ ਉਹਦਾ ਨਿਰਾਲਾ ਨੀ।
ਇਕੋ ਨਜ਼ਰ ਸਵੱਲੀ ਕਰਦਾ।
ਕੀ ਗੋਰਾ ਕੀ ਕਾਲਾ ਨੀ।
ਸੰਤੋਖ ਸਿੰਘ ਜੋ ਮਾਰਗ ਦਸਿਓ
ਸੋਈ ਪੰਥ ਸੁਖਾਲਾ ਨੀ।

## भादों

भादों भल्लीउ भल्लीउ सहीयो
किधर गया महींवाला नी।
जिसदा रूप नूरानी सोहना
जोबन ते मतवाला नी।
मन्दिर मसीतां गिरजे वसदा
खाली न कोई शिवाला नी।
ना मिलदा पर मैंनूं सइयो
पंथ है उहदा निराला नी।
इकौ नजर सवल्ली करदा
की गोरा की काला नी।
संतोख सिंह जो मार्ग दस्यो
सोई पंथ सुखाला नी।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

## ਇਸ ਅੰਕ ਵਿਚ


| | |
|---|---|
| ਭਾਦੋਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ਅੰਤਿਮ ਅਰਦਾਸ 'ਤੇ ਵਿਸ਼ੇਸ਼ – ਡਾ: ਗੁਰਨਾਮ ਸਿੰਘ | 2 |
| ਮਿਤ੍ਰ ਅਸਾਡੜੇ ਸੇਈ – ਭਾਈ ਨਿਰਮਲ ਸਿੰਘ ਖ਼ਾਲਸਾ – ਡਾ: ਕੰਵਲਜੀਤ ਸਿੰਘ | 5 |
| ਭਲੋ ਭਲੋ ਰੇ ਕੀਰਤਨੀਆ – ਡਾ: ਨਿਵੇਦਿਤਾ ਸਿੰਘ | 8 |
| ਸੁਰਵੰਤਾ ਸੁਰੰਗਲਾ ਸੱਜਣ ਸੀ: ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ – ਗੁਰਭਜਨ ਗਿੱਲ | 11 |
| ਸਿੱਖ ਕੌਮ ਦੀ ਸਤਿਕਾਰਤ ਹਸਤੀ ਵਿਲੱਖਣ ਪ੍ਰਤਿਭਾ ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ – ਡਾ: ਏ.ਪੀ. ਸਿੰਘ | 14 |
| ਮਹਾਨ ਸੰਗੀਤਕਾਰ ਕੀਰਤਨੀਏ – ਵਿਜੇ ਕੁਮਾਰ ਸ਼ੈਰੀ | 17 |
| ਪਦਮਸ਼੍ਰੀ ਸਨਮਾਨਿਤ ਪ੍ਰਥਮ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਖ਼ਾਲਸਾ – ਡਾ: ਨਿਰਮਲ ਸਿੰਘ | 18 |
| A God gifted musician Bhai Nirmal Singh Khalsa - Harjap Singh Aujla | 20 |
| ਸੁਰਲਿਪੀ – ਰਾਗ ਮਧੁਕੌਂਸ (ਝੱਪਤਾਲ) – ਸਰਦਾਰ ਗੁਰਬਖਸ਼ ਸਿੰਘ | 25 |
| ਸ਼ਬਦ ਰੀਤ – ਬਬੀਹਾ ਅੰਮ੍ਰਿਤ ਵੇਲੇ ਬੋਲਿਆ: ਭਾਈ ਨਿਰਮਲ ਸਿੰਘ ਖ਼ਾਲਸਾ – ਪ੍ਰੋ: ਸਵਰਲੀਨ ਕੌਰ | 27 |
| ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ | ਟਾ-3 |



**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਇਕ ਕਾਪੀ: 15 ਰੁਪਏ
- ਦੇਸ਼ ਸਾਲਾਨਾ ਚੰਦਾ: 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼: ਸਾਲਾਨਾ ਚੰਦਾ INR 1500
- 'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ

# ਅੰਤਿਮ ਅਰਦਾਸ 'ਤੇ ਵਿਸ਼ੇਸ਼

**ਡਾ. ਗੁਰਨਾਮ ਸਿੰਘ**

ਬੀਤੇ ਦਿਨੀਂ ਗੁਰ ਚਰਨਾਂ ਵਿੱਚ ਜਾ ਬਿਰਾਜੇ ਗੁਰੂ ਵਰੋਸਾਏ ਕੀਰਤਨੀਏ ਭਾਈ ਨਿਰਮਲ ਸਿੰਘ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸਨ। ਉੱਚ ਕੋਟੀ ਦੇ ਕੀਰਤਨਕਾਰ, ਗੁਰਮਤਿ ਸੰਗੀਤ ਦੇ ਵਿਦਵਾਨ, ਲੇਖਕ, ਅਧਿਆਪਕ, ਵਕਤਾ ਵਜੋਂ ਉਨ੍ਹਾਂ ਦੀ ਭੂਮਿਕਾ ਵਿਸ਼ੇਸ਼ ਹੈ। ਆਪ ਕੇਵਲ ਕੀਰਤਨਕਾਰ ਹੀ ਨਹੀਂ ਸਗੋਂ ਪੰਥ, ਪੰਜਾਬ, ਪੰਜਾਬੀ ਅਤੇ ਸਮਕਾਲੀ ਵਿਸ਼ਵ ਦੀਆਂ ਸਥਿਤੀਆਂ ਪਰਸਥਿਤੀਆਂ ਦੇ ਸੁਘੜ ਵਿਸ਼ਲੇਸ਼ਕ ਵੀ ਸਨ। ਕੀਰਤਨੀਏ ਦੀ ਭੂਮਿਕਾ ਵਿੱਚ ਆਪ ਦੀਆਂ ਬੇਬਾਕ ਤੇ ਨਿਸੰਗ ਟਿੱਪਣੀਆਂ ਸਾਡੇ ਲਈ ਹੁਣ ਮਾਰਗ ਦਰਸ਼ਕ ਬਣ ਗਈਆਂ ਹਨ। ਭਾਈ ਨਿਰਮਲ ਸਿੰਘ ਆਪਣੇ ਜੀਵਨ ਦੇ ਅੰਤਿਮ ਸਮੇਂ ਬੇਵਕਤੀ ਮੌਤ ਨਾਲ ਸਾਡੇ ਪੰਥ, ਸਮਾਜ, ਪ੍ਰਸ਼ਾਸ਼ਨ ਦੇ ਸਨਮੁਖ ਕਈ ਪ੍ਰਸ਼ਨ ਖੜੇ ਕਰ ਗਏ ਜਿਨਾਂ ਦਾ ਸਿਰ ਜੋੜ ਹੱਲ ਲੱਭਣ ਦੀ ਜ਼ਰੂਰਤ ਹੈ।

ਸਿੱਖ ਸਮਾਜ ਵਿੱਚ ਕੀਰਤਨੀਆਂ ਤੇ ਪਰਚਾਰਕਾਂ ਦੀ ਸ਼ਰੇਣੀ ਦਾ ਬਹੁਤ ਵਡੇਰਾ ਹਿੱਸਾ ਗੁਰਬਤ ਵਿਚੋਂ ਜਨਮ ਲੈ ਗੁਰ ਗਿਆਨ ਦੀ ਰੋਸ਼ਨੀ ਵੰਡ ਰਿਹਾ ਹੈ। ਸਿੱਖ ਸੰਸਥਾਵਾਂ ਦੇ ਮਿਸ਼ਨਰੀ ਕਾਲਜ ਦੇ ਵਿਦਿਆਰਥੀਆਂ ਤੇ ਹੋਰ ਸੰਸਥਾਵਾਂ ਵਿੱਚ ਅੱਜ ਵੀ ਪੜ ਰਹੇ ਵਿਦਿਆਰਥੀਆਂ ਸਿਖਿਆਰਥੀਆਂ ਦਾ ਹਾਲ ਜਾ ਕੇ ਦੇਖਿਆ ਜਾ ਸਕਦਾ ਹੈ। ਭਾਈ ਨਿਰਮਲ ਸਿੰਘ ਦਾ ਆਰੰਭਿਕ ਜੀਵਨ ਤੇ ਪਿਠਭੂਮੀ ਵੀ ਕੁਝ ਅਜਿਹੀ ਹੀ ਸੀ ਜਿਸ ਦਾ ਜ਼ਿਕਰ ਉਹ ਮਾਣ ਨਾਲ ਆਪ ਕਰਿਆ ਕਰਦੇ ਸਨ। ਭਾਈ ਸਾਹਿਬ ਆਪਣੇ ਨਾਨਕੇ ਪਿੰਡ ਜੰਡ ਵਾਲਾ ਭੀਮੇ ਸ਼ਾਹ ਜਿਲ੍ਹਾ ਫਿਰੋਜਪੁਰ ਵਿੱਚ ਗਿਆਨੀ ਚੰਨਣ ਸਿੰਘ ਦੇ ਪਰਿਵਾਰ ਵਿੱਚ 12 ਅਪਰੈਲ 1952 ਨੂੰ ਜਨਮੇ। ਧੁਰੋਂ ਸੰਗੀਤ ਨਾਲ ਵਰੋਸਾਏ ਭਾਈ ਸਾਹਿਬ ਦੀ ਰੂਹ ਬਚਪਨ ਤੋਂ ਹੀ ਸੰਗੀਤ ਵੱਲ ਪਰੇਰਤ ਹੋ ਗਈ। ਰੇਡਿਓ 'ਤੇ ਪਾਕਿਸਤਾਨ ਦੇ ਗਾਇਕਾਂ, ਗੀਤ ਸੰਗੀਤ ਅਤੇ ਉਸ ਸਮੇਂ ਦੇ ਪਾਕਿਸਤਾਨ ਰੇਡੀਓ ਤੋਂ ਪਰਸਾਰਿਤ ਹੋਣ ਵਾਲੇ ਪ੍ਰੋਗਰਾਮ 'ਪੰਜਾਬੀ ਦਰਬਾਰ' ਵਿੱਚ ਰਬਾਬੀਆਂ ਦੇ ਕੀਰਤਨੀ, ਖਾਂ ਸਾਹਿਬ ਮੇਂਹਦੀ ਹਸਨ, ਗੁਲਾਮ ਅਲੀ ਖਾਂ ਸਾਹਿਬ, ਰੇਸ਼ਮਾਂ ਤੇ ਮੈਡਮ ਨੂਰ ਜਹਾਂ ਦੇ ਗਾਇਨ ਨੇ ਇਸ ਬਾਲ ਮਨ ਨੂੰ ਬਹੁਤ ਪ੍ਰਭਾਵਿਤ ਕੀਤਾ। ਭਾਈ ਸਾਹਿਬ ਬਚਪਨ ਤੋਂ ਸੁਰੀਲੀਆਂ ਹੇਕਾਂ ਵਿੱਚ ਗੀਤ ਤੇ ਲੋਕ ਸੰਗੀਤ ਗਾਉਣ ਲੱਗ ਪਏ। ਆਪਣੇ ਚਾਚਾ ਗੁਰਬਚਨ ਸਿੰਘ ਦੀ ਪ੍ਰੇਰਨਾ ਤੇ ਮਦਦ ਨਾਲ ਆਪ 1974 ਵਿੱਚ ਆਪ ਨੇ ਸਿੱਖ ਮਿਸ਼ਨਰੀ ਕਾਲਜ ਵਿੱਚ ਕੀਰਤਨੀਏ ਬਣਨ ਲਈ ਦਾਖਲਾ ਲਿਆ। ਪ੍ਰੋ. ਅਵਤਾਰ ਸਿੰਘ ਨਾਜ਼ ਦੇ ਹੋਣਹਾਰ ਸ਼ਗਿਰਦ ਵਜੋਂ ਆਪ ਨੂੰ ਗੁਰਮਤਿ ਵਿਦਿਆਲਾ ਰਿਸ਼ੀਕੇਸ਼ ਵਿੱਚ ਬਤੌਰ ਸੰਗੀਤ ਅਧਿਆਪਕ ਦੀ ਨੌਕਰੀ ਮਿਲ ਗਈ ਪਰ ਮਨ ਵਿੱਚ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਦਾ ਸਪਨਾ ਸੀ। ਆਪ ਨੇ 1979 ਵਿੱਚ ਸ੍ਰੀ ਦਰਬਾਰ ਸਹਿਬ ਵਿਖੇ ਭਾਈ ਗੁਰਮੇਜ ਸਿੰਘ ਜੀ ਨਾਲ ਬਤੌਰ ਸਹਾਇਕ ਰਾਗੀ ਸੇਵਾ ਨਿਭਾਉਣੀ ਸ਼ੁਰੂ ਕੀਤੀ। 1986 ਵਿੱਚ ਆਪ ਨੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵਜੋਂ ਸੁਤੰਤਰ ਰੂਪ ਵਿੱਚ ਸੇਵਾ ਨਿਭਾਉਣੀ ਸ਼ੁਰੂ ਕੀਤੀ।

1991 ਦੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੇ ਰਾਗਮਈ ਗੁਰਮਤਿ ਸੰਗੀਤ ਨੇ ਭਾਈ ਨਿਰਮਲ ਸਿੰਘ ਨੂੰ ਜੀਵਨ ਦੀ ਨਵੀਨ ਰਾਹ ਪ੍ਰਦਾਨ ਕੀਤੀ। ਸ੍ਰੀ ਦਰਬਾਰ ਸਾਹਿਬ ਵਿਖੇ ਨਿਰੰਤਰ ਸੇਵਾ ਤੇ ਸਾਧਨਾ ਦੁਆਰਾ ਭਾਈ ਨਿਰਮਲ ਸਿੰਘ ਨੇ ਆਪਣੇ ਸੁਰੀਲੇ ਕੀਰਤਨ ਨੂੰ ਰਾਗਾਤਮਕ ਪਰਿਪੱਕਤਾ ਵੱਲ ਮੋੜਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਭਿੰਨ ਰਾਗਾਂ ਵਿੱਚ ਕੀਰਤਨ ਰਿਕਾਰਡਿੰਗਜ਼ ਤੋਂ ਇਲਾਵਾ 'ਆਸਾ ਦੀ ਵਾਰ' ਆਪ ਦੇ ਜੀਵਨ ਦੀਆਂ ਵਿਸ਼ੇਸ ਰਿਕਾਰਡਿੰਗਜ਼ ਹਨ।

ਪੰਜਾਬੀ ਯੂਨੀਵਰਸਿਟੀ ਨਾਲ ਭਾਈ ਨਿਰਮਲ ਸਿੰਘ ਦਾ ਗਹਿਰਾ ਸਬੰਧ ਸੀ। ਪੰਜਾਬੀ ਟ੍ਰਿਬਿਊਨ ਵਿੱਚ ਵਿੱਚ ਆਪ ਨੇ ਪ੍ਰਸਿਧ ਕੀਰਤਨੀਆਂ ਸਬੰਧੀ ਵਿਸ਼ੇਸ਼ ਲੇਖ ਲੜੀ ਲਿਖੀ ਜਿਸ ਨੂੰ ਪੁਸਤਕ ਰੂਪ ਦੇਣ ਉਪਰੰਤ ਉਸ

ਸਮੇਂ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੀ ਅਗਵਾਈ ਵਿੱਚ 'ਗੁਰਮਤਿ ਸੰਗੀਤ ਦੇ ਅਨਮੋਲ ਰਤਨ' ਵਜੋਂ ਪ੍ਰਕਾਸ਼ਿਤ ਕੀਤਾ। ਸੰਤ ਸੁੱਚਾ ਸਿੰਘ ਆਰਕਾਈਵਜ਼ ਲਈ ਆਪ ਜੀ ਦੀਆਂ ਰਿਕਾਰਡਿੰਗਜ਼ ਕੀਤੀਆਂ ਗਈਆਂ। ਗੁਰ ਕ੍ਰਿਪਾਲ ਸਿੰਘ ਦੁਆਰਾ ਇੱਕ ਵਿਸ਼ੇਸ਼ ਡਾਕੂਮੈਂਟਰੀ, ਪੰਜਾਬ ਰਤਨ ਐਵਾਰਡ, ਪ੍ਰੋ. ਤਾਰਾ ਸਿੰਘ ਸਿਮ੍ਰਤੀ ਐਵਾਰਡ, ਐਮ. ਏ. ਗੁਰਮਤਿ ਸੰਗੀਤ ਵਿੱਚ ਆਪ ਦੀ ਪੁਸਤਕ ਲਾਗੂ ਕਰਨ ਤੋਂ ਇਲਾਵਾ ਅਕਸਰ ਆਪ ਲੈਕਚਰ ਤੇ ਸੰਗੀਤ ਵਰਕਸ਼ਾਪ ਕਰਨ ਲਈ ਆਪ ਪੰਜਾਬੀ ਯੂਨੀਵਰਸਿਟੀ ਆਉਂਦੇ ਰਹੇ। ਗੁਰਮਤਿ ਸੰਗੀਤ ਦੇ ਅਕਾਦਮਿਕ ਪਰਚਾਰ, ਪਸਾਰ ਲਹਿਰ ਦਾ ਹਿੱਸਾ ਬਣੇ।

ਭਾਈ ਨਿਰਮਲ ਸਿੰਘ ਨੇ ਵਿਸ਼ਵ ਭਰ ਦੇ ਸਿੱਖ ਜਗਤ ਵਿੱਚ ਵਿਚਰਦਿਆਂ ਆਪਣੇ ਪ੍ਰਸੰਸਕਾਂ ਮਿੱਤਰਾਂ ਤੇ ਸਹਿਯੋਗੀਆਂ ਦਾ ਇੱਕ ਵਿਸ਼ਾਲ ਦਾਇਰਾ ਸਥਾਪਿਤ ਕੀਤਾ। ਆਪ ਅਨੇਕ ਨਾਮਵਰ ਸਖਸ਼ੀਅਤਾਂ ਦੇ ਪਿਆਰ ਤੇ ਸਤਿਕਾਰ ਦੇ ਪਾਤਰ ਰਹੇ ਜਿਨ੍ਹਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਨ੍ਹਾਂ ਦੀ ਸਪੁਤਨੀ ਗੁਰਸ਼ਰਨ ਕੌਰ ਵੀ ਸ਼ਾਮਲ ਹਨ। ਸ. ਮਨਮੋਹਨ ਸਿੰਘ ਦੀ ਸਰਕਾਰ ਸਮੇਂ ਆਪ ਜੀ ਨੂੰ ਵਿਸ਼ੇਸ਼ ਕੀਰਤਨ ਸੇਵਾਵਾਂ ਵਜੋਂ 'ਪਦਮ ਸ੍ਰੀ' ਦੀ ਉਪਾਧੀ ਦਿੱਤੇ ਗਈ। ਭਾਈ ਨਿਰਮਲ ਸਿੰਘ ਨੇ ਇਸ ਉਪਾਧੀ ਨੂੰ ਨਿਮਰਤਾ ਸਹਿਤ "ਗੁਰੂ ਘਰ ਦੀ ਕੀਰਤਨ ਪਰੰਪਰਾ ਤੇ ਸਮੂਹ ਕੀਰਤਨੀਆਂ" ਦੇ ਸਨਮਾਨ ਵਜੋਂ ਗ੍ਰਹਿਣ ਕੀਤਾ ਕਿਉਂ ਜੋ ਪਹਿਲੀ ਵੇਰ ਕਿਸੇ ਕੀਰਤਨੀਏ ਨੂੰ ਇਹ ਸਨਮਾਨ ਪ੍ਰਦਾਨ ਕੀਤਾ ਗਿਆ ਸੀ। ਇਸ ਤੋਂ ਇਲਾਵਾ ਪੰਜਾਬ ਭਾਸ਼ਾ ਵਿਭਾਗ ਦੁਆਰਾ "ਸ਼ਰੋਮਣੀ ਰਾਗੀ ਐਵਾਰਡ" ਅਤੇ ਵਿਸ਼ਵ ਭਰ ਵਿੱਚੋਂ ਅਨੇਕ ਸਨਮਾਨ ਭਾਈ ਸਾਹਿਬ ਦੇ ਅੰਗ ਲੱਗ ਮਾਣਮੱਤੇ ਹੋਏ।

ਭਾਈ ਨਿਰਮਲ ਸਿੰਘ ਸੁਰੀਲੀ ਗੁਰਮਤਿ ਸੰਗੀਤ ਦੀ ਕੀਰਤਨ ਸ਼ੈਲੀ ਦੇ ਪਰਚਾਰਕ ਰਹੇ ਜਿਸ ਉੱਤੇ ਸਮਕਾਲੀ ਸ਼ੈਲੀ ਪੰਜਾਬ ਅੰਗ ਦੀ ਗਾਇਕੀ ਦਾ ਵਿਸ਼ੇਸ਼ ਪ੍ਰਭਾਵ ਸ੍ਰਵਣਗੋਚਰ ਹੁੰਦਾ ਹੈ। ਆਪ ਗਜ਼ਲ ਗਾਇਕ ਉਸਤਾਦ ਗੁਲਾਮ ਅਲੀ ਖਾਂ ਸਾਹਿਬ ਦੇ ਸ਼ਗਿਰਦ ਵੀ ਹੋਏ। ਸ਼ਬਦ ਗਾਇਕੀ, ਸ਼ਬਦ ਕੀਰਤਨ ਚਉਕੀ ਪਰੰਪਰਾ, ਪੜਤਾਲ ਗਾਇਕੀ, ਪ੍ਰਕਰਣ ਪ੍ਰਧਾਨ ਸ਼ਬਦ ਕੀਰਤਨ, ਰੁੱਤਕਾਲੀਨ ਕੀਰਤਨ, ਵਿਸ਼ੇਸ਼ ਬਾਣੀਆਂ ਦਾ ਕੀਰਤਨ ਆਪ ਦੀ ਕੀਰਤਨ ਗਾਇਕੀ ਦੇ ਵਿਸ਼ੇਸ਼ ਮੁਹਾਂਦਰੇ ਦਾ ਹਿੱਸਾ ਸਨ। ਕੀਰਤਨ ਸਾਥੀਆਂ ਵਿੱਚ ਭਾਈ ਦਰਸ਼ਨ ਸਿੰਘ ਅਤੇ ਭਾਈ ਕਰਤਾਰ ਸਿੰਘ ਵਡਾਲੀ ਬਿਨਾਂ ਆਪ ਦੀ ਗਾਇਕੀ ਦੀ ਗੱਲ ਅਧੂਰੀ ਰਹੇਗੀ। ਭਾਈ ਦਰਸ਼ਨ ਸਿੰਘ ਆਪ ਦੇ ਵਿਸ਼ੇਸ਼ ਕੀਰਤਨ ਗਾਇਨ ਵਿੱਚ ਸਹਾਇਕ ਰਹੇ ਜਿਨ੍ਹਾਂ ਦੀ ਉਚੇਰੀ, ਤਿਖੇਰੀ ਸੁਰੀਲੀ ਆਵਾਜ਼ ਨੇ ਭਾਈ ਨਿਰਮਲ ਸਿੰਘ ਦੀ ਗਾਇਕੀ ਨੂੰ ਹੋਰ ਨਿਖਾਰਿਆ। ਨਾਲ ਹੀ ਭਾਈ ਕਰਤਾਰ ਸਿੰਘ ਵਡਾਲੀ ਦਾ ਤਬਲਾ ਵਾਦਨ ਆਪ ਦੀ ਵਿਸ਼ੇਸ਼ ਕੀਰਤਨ ਸ਼ੈਲੀ ਅਤੇ ਸ਼ਬਦ ਕੀਰਤਨ ਰਚਨਾ ਦੀ ਸਿਰਜਣ ਪ੍ਰਕ੍ਰਿਆ ਦਾ ਅਨਿਖੜ ਅੰਗ ਰਿਹਾ। ਇਨ੍ਹਾਂ ਤੋਂ ਇਲਾਵਾ ਸਮੇਂ-ਸਮੇਂ ਸੁਰੀਲੇ ਦਿਲਰੁਬਾ ਵਾਦਕ ਸੰਦੀਪ ਸਿੰਘ, ਭਾਈ ਸਿਰੀਪਾਲ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਭਾਈ ਕੁਲਵੰਤ ਸਿੰਘ, ਭਾਈ ਸੁਖਵਿੰਦਰ ਸਿੰਘ ਤੰਤੀ ਅਤੇ ਤਬਲਾ ਵਾਦਕਾਂ ਵਜੋਂ ਆਪੋ ਆਪਣਾ ਯੋਗਦਾਨ ਪਾਉਂਦੇ ਰਹੇ।

ਭਾਈ ਨਿਰਮਲ ਸਿੰਘ ਨੇ ਵਿਸ਼ਵ ਪੱਧਰ ਉੱਤੇ ਆਯੋਜਿਤ ਹੋਣ ਵਾਲੇ ਗੁਰਮਤਿ ਸੰਗੀਤ ਰਾਗ ਦਰਬਾਰਾਂ ਦਾ ਵਿਸ਼ੇਸ਼ ਹਿੱਸਾ ਰਿਹਾ ਜਿਨ੍ਹਾਂ ਵਿੱਚ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਯੂ.ਕੇ. ਅਤੇ ਭਾਰਤ ਦੇ ਪ੍ਰਮੁੱਖ ਸੰਮੇਲਨ ਵਿਸ਼ੇਸ਼ ਹਨ। ਪਤਾ ਲੱਗਾ ਹੈ ਕਿ ਹਰਿਵੱਲਭ ਸੰਗੀਤ ਸੰਮੇਲਨ ਵੀ 2020 ਵਿੱਚ ਆਯੋਜਿਤ ਹੋਣ ਵਾਲਾ ਸੰਮੇਲਨ ਭਾਈ ਸਾਹਿਬ ਨੂੰ ਸਮਰਪਿਤ ਕਰਨ ਜਾ ਰਿਹਾ ਹੈ, ਸ਼ਲਾਘਾਯੋਗ ਹੈ।

ਵਿਸ਼ਵ ਭਰ ਵਿੱਚ ਖੂਬ ਸਫ਼ਰ ਕਰਨ ਵਾਲੇ ਭਾਈ ਨਿਰਮਲ ਸਿੰਘ ਆਪਣੀ ਸਿਹਤ ਪ੍ਰਤਿ ਬਹੁਤ ਚੇਤੰਨ ਵਿਅਕਤੀ ਸਨ। ਸਖਤ ਜਾਨ ਭਾਈ ਨਿਰਮਲ ਸਿੰਘ ਬਾਰੇ ਅਸੀਂ ਕਦੋਂ ਸੋਚ ਵੀ ਨਹੀਂ ਸਕਦੇ ਕਿ ਉਹ ਇਕਦਮ ਸਾਨੂੰ ਛੱਡ ਤੁਰ ਜਾਣਗੇ। ਉਹ 1 ਅਪਰੈਲ ਤੱਕ ਫੋਨ ਉੱਤੇ ਸੁਨੇਹਿਆਂ ਨਾਲ ਸੰਪਰਕ ਵਿੱਚ ਸਨ ਸਗੋਂ ਮੇਰਾ ਉਨ੍ਹਾਂ ਨਾਲ ਆਖਰੀ ਸੁਨੇਹਾ ਸੀ "*ਭਾਈ ਸਾਹਿਬ, ਗੁਰ ਫਤਹਿ ਜੀ ਆਪ ਜੀ ਦੀ ਸਿਹਤਯਾਬੀ ਲਈ ਅਕਾਲ ਪੁਰਖ ਅੱਗੇ ਅਰਦਾਸ ਹੈ ਜੀ । ਤੁਸੀਂ ਬਹਾਦਰ, ਸਿਰੜੀ ਤੇ ਸਿਦਕੀ ਹੋ ਜਲਦ ਹੀ ਠੀਕ ਹੋ ਜਾਵੋਗੇ। ਰਾਗ ਦਰਬਾਰ ਉਡੀਕ ਰਹੇ ਹਨ । ਗੁਰਮਤਿ ਸੰਗੀਤ ਲਈ ਤੁਸੀਂ ਅਜੇ ਬਹੁਤ ਸੇਵਾਵਾਂ ਕਰਨੀਆਂ ਹਨ। ਜਲਦੀ ਤੰਦਰੁਸਤ ਹੋਵੋ ਜੀ।*" ਅਸੀ

ਮਈ ਵਿੱਚ ਅਮਰੀਕਾ ਸੈਨਹੋਜ਼ ਅਤੇ ਕੈਲੇਫੋਰਨੀਆਂ, ਅਗਸਤ ਵਿੱਚ ਇੰਡੀਅਨ ਐਪਲਸ ਅਤੇ ਸਤੰਬਰ ਵਿੱਚ ਨਿਊਜਰਸੀ ਦੇ ਗੁਰਮਤਿ ਸੰਗੀਤ ਦਰਬਾਰਾਂ ਵਿੱਚ ਇੱਕਠੇ ਗਾਇਨ ਕਰਨਾ ਸੀ।

ਭਾਈ ਨਿਰਮਲ ਸਿੰਘ ਬਾਅਦਬ ਇਨਸਾਨ ਸਨ। ਆਪਣੇ ਵੱਡੇਤੇ ਗੁਣੀਜਨਾਂ ਨੂੰ ਸਤਿਕਾਰ ਅਤੇ ਆਪਣੇ ਤੋਂ ਛੋਟਿਆਂ ਨੂੰ ਪਿਆਰ ਦੇਣਾ ਆਪ ਦਾ ਸੁਭਾਅ ਸੀ। ਆਪ ਨੇ ਪਿਤਾ ਚੰਨਣ ਸਿੰਘ ਚਾਚਾ ਗੁਰਬਚਨ ਸਿੰਘ, ਭਰਾ ਭਾਈ ਜਸਬੀਰ ਸਿੰਘ ਤੋਂ ਇਲਾਵਾ ਯੂ.ਐਸ. ਏ ਅਤੇ ਯੂ. ਕੇ. ਵਸਦੇ ਆਪਣੇ ਸਾਰੇ ਭਰਵੇਂ ਪਰਿਵਾਰ ਦੀ ਖੂਬ ਪਾਲਣ ਪੋਸ਼ਣ ਕੀਤਾ। ਪਿਛਲੀ 13 ਅਕਤੂਬਰ ਨੂੰ ਅੰਮ੍ਰਿਤਸਰ ਵਿਖੇ ਦੇਸ਼ ਵਿਦੇਸ਼ ਦੇ ਪਰਮ ਸਨੇਹੀਆਂ ਸਬੰਧੀਆਂ ਦੇ ਵੱਡੇ ਇੱਕਠ ਵਿੱਚ ਆਪ ਨੇ ਆਪਣੀ ਬੇਟੀ ਦੀ ਸ਼ਾਦੀ ਕੀਤੀ। ਆਪਣੇ ਪਰਮ ਸਨੇਹੀ ਭਾ. ਦੀਪਕ ਮਹਿਰੋਤਰਾ ਅਤੇ ਭੈਣ ਦੀਪਾ ਮਹਿਰੋਤਰਾ ਕੋਲ ਰਿਕਾਰਡਿੰਗਜ਼ ਤੋਂ ਇਲਾਵਾ, ਜੀਵਨ ਦੇ ਅਛੋਹ ਪਹਿਲੂਆਂ ਦੀ ਜਾਣਕਾਰੀ ਮੌਜੂਦ ਹੈ ਫਿਰ ਵੀ ਉਹ ਵਿਸ਼ਵ ਭਰ ਵਿੱਚ ਵਸਦੇ ਭਾਈ ਸਾਹਿਬ ਦੇ ਸ਼ਰਧਾਲੂਆਂ ਵਾਗੂੰ ਹੀ ਭਰੀਆਂ ਅੱਖਾਂ ਨਾਲ ਆਖ ਰਹੇ ਹਨ "ਅਜੇ ਅਸੀਂ ਭਾਈ ਸਾਹਿਬ ਨੂੰ ਜਾਣਿਆ ਨਹੀਂ ਸੀ, ਰੱਜ ਗੱਲਾ ਨਹੀਂ ਕੀਤੀਆ, ਕਾਸ਼ ਸਮੇਂ ਦਾ ਚੱਕਰ ਫਿਰ ਉਲਟਾ ਗਿੜ ਜਾਵੇ ਅਤੇ ਭਾਈ ਸਾਹਿਬ ਨਾਲ ਕੁਝ ਸਮਾਂ ਹੋਰ ਬਿਤਾ ਸਕੀਏ।"

ਭਾਈ ਸਾਹਿਬ ਦੀ ਬਹੁਪੱਖੀ ਸ਼ਖਸ਼ੀਅਤ ਅਤੇ ਜੀਵਨ ਗਾਥਾ ਕੀਰਤਨੀਆਂ ਲਈ ਪ੍ਰੇਰਨਾ ਰਹੇਗੀ। ਸਦੀਆਂ ਵਿੱਚ ਅਜਿਹੇ ਕੀਰਤਨੀਆਂ ਦੀ ਘਾੜਤ ਲਈ ਲੱਗਦੀਆਂ ਹਨ ਅਤੇ ਸਦੀਆਂ ਹੀ ਭਾਈ ਨਿਰਮਲ ਸਿੰਘ ਵਰਗੇ ਕੀਰਤਨੀਏ ਦਾ ਰਾਹ ਵੇਖਣਗੀਆਂ। 2016 ਵਿੱਚ ਹਿਊਟਨ ਗੁਰਮਤਿ ਸੰਗੀਤ ਦਰਬਾਰ ਵਿੱਚ ਅਸੀਂ ਇੱਕ ਸ਼ਬਦ ਗਾਇਨ ਕੀਤਾ ਸੀ, ਭਾਈ ਸਾਹਿਬ ਦੇ ਜੀਵਨ ਸਬੰਧੀ ਜਿਸ ਦੀ ਪ੍ਰਸੰਗਿਕਤਾ ਹੋਰ ਵੀ ਸਾਰਥਕ ਹੋ ਨਿਬੜੀ ਹੈ ਅਤੇ ਭਾਈ ਸਾਹਿਬ ਉਤੇ ਪੂਰੀ ਤਰ੍ਹਾਂ ਢੁਕਦੀ ਹੈ *'ਜੋ ਜਨ ਲੇਹਿ ਖਸਮ ਕਾ ਨਾਉ॥ ਤਿਨ ਕੈ ਸਦ ਬਲਿਹਾਰੈ ਜਾਉ॥ ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ॥ ਸੋ ਭਾਈ ਮੇਰੈ ਮਨਿ ਭਾਵੈ॥ਰਹਾਉ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 328)*

ਵਿਸ਼ਵ ਵਿੱਚ ਵਸਦੇ ਭਾਈ ਨਿਰਮਲ ਸਿੰਘ ਦੇ ਕੀਰਤਨ ਪ੍ਰੇਮੀਆਂ, ਸਨੇਹੀਆਂ ਤੇ ਸਹਿਯੋਗੀਆਂ ਵਲੋਂ ਅਸੀਂ ਸਾਰੇ ਜਿੱਥੇ ਭਾਈ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ ਤੇ ਪਰਿਵਾਰ ਦੀ ਚੜਦੀ ਕਲਾ ਲਈ ਅਰਦਾਸ ਕਰਦੇ ਹਾਂ ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ

ਪੰਜਾਬ ਸਰਕਾਰ ਨੇ ਜਿਵੇਂ ਲੁਧਿਆਣਾ ਵਿਖੇ ਇਸ਼ਮੀਤ ਅਕੈਡਮੀ ਸਥਾਪਤ ਕੀਤੀ ਹੈ। ਉਸੇ ਤਰ੍ਹਾਂ "ਭਾਈ ਨਿਰਮਲ ਸਿੰਘ ਸੰਗੀਤ ਅਕੈਡਮੀ ਸਥਾਪਤ ਕਰੇ । ਸ਼ਰੋਮਣੀ ਕਮੇਟੀ ਵੀ "ਭਾਈ ਨਿਰਮਲ ਸਿੰਘ ਗੁਰਮਤਿ ਸੰਗੀਤ ਅਕਾਡਮੀ" ਸਥਾਪਤ ਕਰੇ। ਸ਼ਰੋਮਣੀ ਕਮੇਟੀ ਹਰ ਸਾਲ ਲੋਹੀਆਂ ਵਿਖੇ ਜਾਂ ਇਸ ਇਲਾਕੇ ਵਿੱਚ ਹਰਿਵੱਲਭ ਵਾਂਗੂੰ "ਭਾਈ ਨਿਰਮਲ ਸਿੰਘ ਨੂੰ ਸਮਰਪਿਤ ਗੁਰਮਤਿ ਸੰਗੀਤ ਸੰਮੇਲਨ" ਆਯੋਜਿਤ ਕਰੇ। ਇਹ ਸੰਮੇਲਨ ਭਾਈ ਨਿਰਮਲ ਸਿੰਘ ਵਲੋਂ ਆਰੰਭ ਕੀਤਾ ਗਿਆ ਸੀ।

ਸ਼ਾਇਦ ਇਸ ਨਾਲ ਪਦਮ ਸ੍ਰੀ ਭਾਈ ਨਿਰਮਲ ਸਿੰਘ ਜੀ ਦੀ ਬੇਵਕਤੀ ਅਕਾਲ ਚਲਾਣੇ ਨਾਲ ਵਾਪਰੇ ਦੁਖਾਂਤ ਦੇ ਅਸਹਿ ਸਦਮੇ ਤੋਂ ਸਾਨੂੰ ਕੁਝ ਰਾਹਤ ਮਿਲ ਸਕੇ।

ਸਾਬਕਾ ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ, ਪੰਜਾਬੀ ਯੂਨੀਵਰਸਿਟੀ
ਪਟਿਆਲ਼ਾ

# ਮਿਤ੍ਰ ਅਸਾਡੜੇ ਸੇਈ - ਭਾਈ ਨਿਰਮਲ ਸਿੰਘ ਖ਼ਾਲਸਾ

**ਡਾ. ਕੰਵਲਜੀਤ ਸਿੰਘ**

ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਦਿਆਂ ਸਵੇਰ ਸ਼ਾਮ ਇਵਜੀ ਵਜੋਂ ਸ੍ਰੀ ਹਰਿਮੰਦਰ ਸਾਹਿਬ ਜਾਂ ਦੂਸਰੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨ ਦੀ ਹਾਜ਼ਰੀ ਭਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ। ਇਸ ਨਾਲ ਵਿਦਿਆਰਥੀ ਜੀਵਨ ਵਿੱਚ ਕੁਝ ਕਮਾਈ ਵੀ ਹੋ ਜਾਂਦੀ ਅਤੇ ਗੁਰੂ ਘਰ ਦੇ ਪ੍ਰੇਮੀਆਂ, ਕੀਰਤਨੀਆਂ, ਸੰਤ-ਮਹਾਤਮਾਵਾਂ ਨਾਲ ਮੇਲ ਵੀ ਹੁੰਦਾ ਰਹਿੰਦਾ। ਜਦ ਕੋਈ ਰਾਗੀ ਸਿੰਘ ਛੁੱਟੀ 'ਤੇ ਚਲੇ ਜਾਣ ਤਾਂ ਉਨ੍ਹਾਂ ਦੀ ਥਾਵੇਂ ਕੀਰਤਨ ਦੀ ਹਾਜ਼ਰੀ ਭਰਨ ਵਾਲੇ ਨੂੰ ਇਵਜੀ ਕਿਹਾ ਜਾਂਦਾ ਸੀ। ਇਸ ਦੌਰਾਨ ਇਕ ਦਿਨ ਸਮਾਪਤੀ ਦੀ ਚੌਕੀ ਦੌਰਾਨ ਇਕ ਨਵੇਂ ਸੁਰੀਲੇ ਕੀਰਤਨੀਏ ਦੀ ਆਵਾਜ਼ ਕੰਨੀ ਪਈ। ਮੇਰੇ ਨਾਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਰਵੇਲ ਸਿੰਘ ਸਨ। ਮੈ ਪੁੱਛਿਆ ਕੀਰਤਨ ਬੜਾ ਸੁਰੀਲਾ ਹੋ ਰਿਹਾ ਹੈ ਤਾਂ ਉਨ੍ਹਾਂ ਦੱਸਿਆ ਕਿ ਭਾਈ ਗੁਰਬਚਨ ਸਿੰਘ ਦਾ ਰਿਸ਼ਤੇਦਾਰ ਕੀਰਤਨੀਆਂ ਨਵਾਂ ਆਇਆ ਹੈ। ਕੀਰਤਨ ਸਮਾਪਤੀ ਉਪਰੰਤ ਅਸੀਂ ਮਿਲੇ ਤਾਂ ਪਤਾ ਲੱਗਾ ਕਿ ਇਹ ਭਾਈ ਨਿਰਮਲ ਸਿੰਘ ਹਨ। ਮੈਥੋਂ 10 ਕੁ ਸਾਲ ਵੱਡੇ ਸਨ। ਮੈਨੂੰ ਕੀਰਤਨ ਦੇ ਨਾਲ ਨਾਲ ਹਿੰਦੁਸਤਾਨੀ ਸੰਗੀਤ ਅਤੇ ਖ਼ਾਸਕਰ ਗ਼ੁਲਾਮ ਅਲੀ ਸਾਹਿਬ ਦੀਆਂ ਗ਼ਜ਼ਲਾਂ ਦਾ ਬੜਾ ਸ਼ੌਂਕ ਸੀ। ਭਾਈ ਨਿਰਮਲ ਸਿੰਘ ਦਾ ਤੇ ਮੇਰਾ ਸ਼ੌਂਕ ਇਕ ਹੋਣ ਕਾਰਨ ਸਾਡੀ ਮਿੱਤਰਤਾ ਪੀਡੀ ਹੁੰਦੀ ਗਈ। ਅਸੀਂ ਦੋਵੇਂ ਅੰਮ੍ਰਿਤਸਰ ਸਾਹਿਬ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿੱਚ ਇਵਜੀ ਕਰਿਆ ਕਰਦੇ ਸਾਂ। ਇਕੱਠਿਆਂ ਕੀਰਤਨ ਕਰਨਾ, ਨਵੀਆਂ ਤਰਜ਼ਾਂ ਲੱਭਣੀਆਂ, ਤਬਲੇ 'ਤੇ ਨਵੇਂ ਨਵੇਂ ਠੇਕੇ ਘੜਨੇ।

ਉਨ੍ਹੀਂ ਦਿਨੀਂ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਛੋਟੇ ਭਰਾ ਭਾਈ ਜਸਬੀਰ ਸਿੰਘ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਦਾਖਲਾ ਲਿਆ। ਮੇਰਾ ਛੋਟਾ ਭਰਾ ਸ. ਤਰਨਜੀਤ ਸਿੰਘ ਅੰਮ੍ਰਿਤਸਰੀ ਵੀ ਉਸ ਨਾਲ ਹੀ ਪੜ੍ਹਦਾ ਸੀ। ਇਸ ਨਾਲ ਸਾਡੀ ਸਾਂਝ ਹੋਰ ਵੀ ਵੱਧ ਗਈ। ਭਾਈ ਜਸਬੀਰ ਸਿੰਘ ਵੀ ਬਹੁਤ ਸੁਰੀਲਾ ਕੀਰਤਨ ਕਰਿਆ ਕਰਦੇ ਸਨ। ਇਸ ਦੌਰਾਨ ਭਾਈ ਨਿਰਮਲ ਸਿੰਘ ਨੂੰ ਬੜੋਦਾ ਵਿਖੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿੱਚ ਕੀਰਤਨੀ ਜਥੇ ਵਜੋਂ ਬੁਲਾਇਆ ਗਿਆ। ਅਸੀਂ ਤਿਆਰੀ ਕਰ ਲਈ। ਮੈਂ ਆਪਣੇ ਪਿਤਾ ਜੀ ਨੂੰ ਦੱਸਿਆ ਕਿ ਸਾਨੂੰ ਬੜੋਦਾ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਕੀਰਤਨੀ ਜਥੇ ਵਜੋਂ ਨੌਕਰੀ ਮਿਲੀ ਹੈ। ਮੇਰੇ ਪਿਤਾ ਇੰਜੀਨੀਅਰ ਦਲੀਪ ਸਿੰਘ ਐਮ.ਈ.ਐਸ. ਵਿਚ ਐਸ.ਡੀ.ਓ. ਸਨ। ਉਨ੍ਹਾਂ ਦੇ ਮਨ ਵਿਚ ਮੈਨੂੰ ਪੜ੍ਹਾ ਲਿਖਾ 'ਕੇ ਸਰਕਾਰੀ ਨੌਕਰੀ ਲਈ ਤਿਆਰ ਕਰਨਾ ਸੀ। ਉਨ੍ਹਾਂ ਨੇ ਮੈਨੂੰ ਬੜੋਦਾ ਜਾਣ ਤੋਂ ਮਨ੍ਹਾ ਕਰ ਦਿੱਤਾ। ਅਗਲੇ ਦਿਨ ਅਸੀਂ ਗੱਡੀ ਫੜਨੀ ਸੀ। ਮੈਂ ਭਾਈ ਨਿਰਮਲ ਸਿੰਘ ਨੂੰ ਸਾਰੀ ਵਿਥਿਆ ਸੁਣਾਈ ਤੇ ਉਨ੍ਹਾਂ ਨੇ ਬਿਨਾਂ ਕਿਸੇ ਦੇਰੀ ਤੋਂ ਮੈਨੂੰ ਪਿਤਾ ਜੀ ਦੀ ਆਗਿਆ ਮੰਨਣ ਲਈ ਕਿਹਾ ਤੇ ਰਾਤੋ ਰਾਤ ਦੂਜਾ ਸਾਥੀ ਲੱਭ 'ਕੇ ਜਥੇ ਦੀ ਤਿਆਰੀ ਕੀਤੀ। ਇਹ ਉਨ੍ਹਾਂ ਦਾ ਪਿਆਰ ਸੀ ਕਿ ਮੈਨੂੰ ਹਮੇਸ਼ਾ ਉਹ ਪੜ੍ਹਾਈ ਲਈ ਪ੍ਰੇਰਦੇ ਰਹੇ ਅਤੇ ਖ਼ੁਦ ਕੀਰਤਨੀਏ ਵਜੋਂ ਵਿਚਰਨ ਲੱਗੇ। ਕੁਝ ਦੇਰ ਕੀਰਤਨ ਹਾਜ਼ਰੀ ਭਰਨ ਉਪਰੰਤ ਭਾਈ ਨਿਰਮਲ ਸਿੰਘ ਮੁੜ ਅੰਮ੍ਰਿਤਸਰ ਆ ਅਤੇ ਅਸੀਂ ਮੁੜ ਤੋਂ ਇਕੱਠੇ ਵਿਚਰਨ ਲੱਗੇ।

ਭਾਈ ਨਿਰਮਲ ਸਿੰਘ 1979 ਦੇ ਲਗਭਗ ਹਰਿਮੰਦਰ ਸਾਹਿਬ ਵਿਖੇ ਭਾਈ ਗੁਰਮੇਜ ਸਿੰਘ ਜੀ, ਹਜ਼ੂਰੀ ਰਾਗੀ ਦੇ ਸਹਾਇਕ ਵਜੋਂ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਉਨ੍ਹੀਂ ਦਿਨੀਂ ਮੈ ਵੀ ਭਾਈ ਗੁਰਮੇਜ ਸਿੰਘ ਜੀ ਨਾਲ ਕਦੇ ਕਦੇ ਪ੍ਰੋਗਰਾਮ 'ਤੇ ਤਬਲਾ ਵਾਦਕ ਵਜੋਂ ਜਾਂਦਾ ਸਾਂ। ਇਸ ਉਪਰੰਤ ਭਾਈ ਨਿਰਮਲ ਸਿੰਘ ਨੇ 1986 ਵਿਚ ਅਪਣਾ ਜਥਾ ਬਣਾਇਆ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ੂਰੀ ਰਾਗੀ ਵਜੋਂ ਸੇਵਾ ਆਰੰਭੀ। ਭਾਈ ਦਰਸ਼ਨ ਸਿੰਘ ਉਸ ਸਮੇਂ ਤੋਂ ਹੀ ਭਾਈ ਨਿਰਮਲ ਸਿੰਘ ਦੇ ਸਾਥੀ ਵਜੋਂ ਸੇਵਾ ਵਿਚ ਰਹੇ।

ਮੈਨੂੰ ਅੱਜ ਵੀ ਯਾਦ ਹੈ ਕਿ ਇਕ ਵਾਰ ਉਸਤਾਦ ਗ਼ੁਲਾਮ ਅਲੀ ਸਾਹਿਬ ਦਾ ਪ੍ਰੋਗਰਾਮ ਪਟਿਆਲਾ ਦੇ ਹੈਰੀਟੇਜ ਫ਼ੈਸਟੀਵਲ ਵਿਚ ਨਿਸ਼ਚਿਤ ਹੋਇਆ। ਭਾਈ ਨਿਰਮਲ ਸਿੰਘ ਦਾ ਫ਼ੋਨ ਆਇਆ, ਕਿ ਡਾਕਟਰ ਸਾਹਿਬ

ਉਸਤਾਦ ਜੀ ਆ ਰਹੇ ਹਨ, ਤੁਸੀਂ ਹੋਟਲ ਫਲਾਈਓਵਰ ਕਲਾਸਿਕ ਪਹੁੰਚੋ। ਉਸ ਸਮੇਂ ਰੇਲਵੇ ਸਟੇਸ਼ਨ ਦੇ ਲਾਗੇ ਹੋਟਲ ਫਲਾਈਓਵਰ ਕਲਾਸਿਕ ਨਵਾਂ ਨਵਾਂ ਬਣਿਆ ਸੀ। ਮਿਥੇ ਸਮੇਂ 'ਤੇ ਉੱਥੇ ਅਸੀਂ ਸਾਰੇ ਇਕੱਠੇ ਹੋਏ। ਉਸਤਾਦ ਗ਼ੁਲਾਮ ਅਲੀ ਸਾਹਿਬ ਦਾ ਭਰਪੂਰ ਆਸ਼ੀਰਵਾਦ ਪ੍ਰਾਪਤ ਹੋਇਆ। ਖਾਂ ਸਾਹਿਬ ਨੂੰ ਮਿਲ 'ਕੇ ਬੜਾ ਕੁਝ ਨਵਾਂ ਸਿੱਖਣ ਨੂੰ ਮਿਲਿਆ। ਭਾਈ ਨਿਰਮਲ ਸਿੰਘ ਨੇ ਖਾਂ ਸਾਹਿਬ ਨੂੰ ਦੱਸਿਆ ਕਿ ਅਸੀਂ ਇਕੱਠਿਆਂ ਜਥਾ ਬਣਾਇਆ ਸੀ। ਕੰਵਲਜੀਤ ਸਿੰਘ ਪੜ੍ਹ-ਲਿਖ 'ਕੇ ਪੰਜਾਬੀ ਯੂਨੀਵਰਸਿਟੀ ਪ੍ਰੋਫੈਸਰ ਲਗ ਗਿਆ ਹੈ। ਮੈਨੂੰ ਵੀ ਪੜ੍ਹਾਈ ਦਾ ਬੜਾ ਸ਼ੌਂਕ ਰਿਹਾ ਹੈ। ਮੈਂ ਲੇਖ ਅਤੇ ਕਿਤਾਬਾਂ ਲਿਖ 'ਕੇ ਪੂਰਾ ਕਰ ਰਿਹਾ ਹਾਂ। ਸ਼ਾਮ ਨੂੰ ਅਸੀਂ ਖਾਂ ਸਾਹਿਬ ਨਾਲ ਹੀ ਪ੍ਰੋਗਰਾਮ ਵਾਲੀ ਜਗ੍ਹਾ 'ਤੇ ਪਹੁੰਚੇ। ਸਕਿਉਰਿਟੀ ਵਾਲੇ ਖਾਂ ਸਾਹਿਬ ਨੂੰ ਜਲਦੀ ਨਾਲ ਅੰਦਰ ਲੈ ਗਏ ਅਤੇ ਅਸੀਂ ਬਾਹਰ ਰਹਿ ਗਏ। ਸਾਨੂੰ ਅੰਦਰ ਜਾਣ ਦਾ ਆਗਿਆ ਨਹੀਂ ਸੀ ਮਿਲ ਰਹੀ। ਭੀੜ ਬੜੀ ਸੀ। ਐਨੇ ਨੂੰ ਖਾਂ ਸਾਹਿਬ ਨੇ ਸਟੇਜ ਤੋਂ ਅਨਾਊਂਸ ਕੀਤਾ ਕਿ ਮੇਰੇ ਨਾਲ ਜੋ ਸਜਣ ਆਏ ਹਨ ਉਨ੍ਹਾਂ ਨੂੰ ਬੁਲਾਓ। ਸਕਿਉਰਿਟੀ ਵਾਲੇ ਸਾਨੂੰ ਛੇਤੀ ਨਾਲ ਅੰਦਰ ਲੈ ਗਏ। ਖਾਂ ਸਾਹਿਬ ਨੇ ਕਿਹਾ ਕਿ ਇਨ੍ਹਾਂ ਨੂੰ ਅੱਗੇ ਬਿਠਾਉ ਪਰ ਅਗਲੀ ਕਤਾਰ ਵਿਚ ਮਹਿਮਾਨ ਬੈਠੇ ਹੋਏ ਸਨ, ਪਰ ਖਾਂ ਸਾਹਿਬ ਦੇ ਕਹਿਣ 'ਤੇ ਪਹਿਲੀ ਕਤਾਰ ਦੇ ਨਾਲ ਹੀ ਸਾਡੀਆਂ ਕੁਰਸੀਆਂ ਲਗਾ ਦਿੱਤੀਆਂ ਗਈਆਂ। ਮੈਂ ਬਚਪਨ ਤੋਂ ਹੀ ਉਸਤਾਦ ਗ਼ੁਲਾਮ ਅਲੀ ਜੀ ਦੀ ਗ਼ਜ਼ਲ ਗਾਇਕੀ ਦਾ ਕਾਇਲ ਰਿਹਾ ਹਾਂ ਪਰ ਉਸ ਦਿਨ ਭਾਈ ਨਿਰਮਲ ਸਿੰਘ ਦੀ ਬਦੌਲਤ ਮੈਨੂੰ ਸਾਹਮਣੇ ਬੈਠ 'ਕੇ ਖਾਂ ਸਾਹਿਬ ਨੂੰ ਸੁਣਨ ਦਾ ਮੌਕਾ ਮਿਲਿਆ, ਜੋ ਜ਼ਿੰਦਗੀ ਦਾ ਇਕ ਸੁਨਹਿਰਾ ਤੇ ਅਭੁੱਲ ਯਾਦ ਬਣ ਗਿਆ ਹੈ।

2013 ਵਿਚ ਮੈਂ ਆਪਣੀ ਬੇਟੀ ਪ੍ਰੋ. ਸਵਰ ਲੀਨ ਕੌਰ ਦੀ ਸਵਰਨ ਖੰਨਾ ਦੇ ਇਕ ਗੁਰਸਿੱਖ ਪਰਵਾਰ ਨਾਲ ਕੀਤੀ। ਉਸ ਸਮੇਂ ਭਾਈ ਸਾਹਿਬ ਵਿਦੇਸ਼ ਵਿਚ ਸਨ। ਸ਼ਾਦੀ 'ਤੇ ਨਹੀਂ ਆ ਸਕੇ। ਜਦੋਂ ਖੰਨੇ ਵਾਲੇ ਪਰਵਾਰ ਨੂੰ ਪਤਾ ਲੱਗਾ ਕਿ ਭਾਈ ਨਿਰਮਲ ਸਿੰਘ ਨਾਲ ਮੇਰੇ ਗੂੜ੍ਹੇ ਰਿਸ਼ਤੇ ਹਨ, ਤਾਂ ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਜਾ 'ਕੇ ਭਾਈ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਜਦੋਂ ਭਾਈ ਸਾਹਿਬ ਵਿਦੇਸ਼ ਤੋਂ ਪਰਤੇ ਤਾਂ ਅਸੀਂ ਪਰਵਾਰ ਸਮੇਤ ਭਾਈ ਸਾਹਿਬ ਦੇ ਘਰ ਪਹੁੰਚੇ। ਭਾਈ ਸਾਹਿਬ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਆਪਣੇ ਪੁੱਤਰਾਂ ਵਾਂਗ ਪਿਆਰ ਦਿੱਤਾ ਅਤੇ ਜਦੋਂ ਵੀ ਖੰਨੇ ਲਾਗਿਓਂ ਲੰਘਦੇ, ਫ਼ੋਨ ਕਰ 'ਕੇ ਹਾਲ ਚਾਲ ਪੁੱਛਦੇ। ਬੇਟੀ ਸਵਰ ਲੀਨ ਕੌਰ ਨੂੰ ਮਿਲਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿਖੇ ਤਸ਼ਰੀਫ਼ ਲਿਆਏ ਅਤੇ ਭਰਪੂਰ ਆਸ਼ੀਰਵਾਦ ਦਿੱਤਾ। ਇਸ ਸਮੇਂ ਆਪ ਜਦੋਂ ਵਿਭਾਗ ਦੇ ਵਿਦਿਆਰਥੀਆਂ ਨਾਲ ਮੁਖ਼ਾਤਬ ਹੋਏ ਤਾਂ ਉਨ੍ਹਾਂ ਨੇ ਆਪਣੇ ਜੀਵਨ ਦੀਆਂ ਕਠਨਾਈਆਂ ਅਤੇ ਦ੍ਰਿੜ੍ਹ ਨਿਸ਼ਚੇ ਸਦਕਾ ਹੋਈਆਂ ਪ੍ਰਾਪਤੀਆਂ ਬਾਰੇ ਦੱਸਿਆ ਤਾਂ ਸਾਰਾ ਹਾਲ ਜੈਕਾਰਿਆਂ ਨਾਲ ਗੂੰਜ ਉੱਠਿਆ।

ਭਾਈ ਨਿਰਮਲ ਸਿੰਘ ਜਦੋਂ ਵੀ ਪਟਿਆਲੇ ਵੱਲੋਂ ਲੰਘਦੇ ਤਾਂ ਫ਼ੋਨ ਜ਼ਰੂਰ ਕਰਦੇ। ਕਈ ਵੇਰ ਕਹਿ ਦਿੰਦੇ ਕਿ ਅੱਜ ਸ਼ਾਮ ਦੇ ਕੀਰਤਨ ਤੋਂ ਬਾਅਦ ਤੁਹਾਡੇ ਕੋਲ ਰੁਕਾਂਗੇ, ਤਾਂ ਮੈਨੂੰ ਬੜੀ ਖ਼ੁਸ਼ੀ ਹੁੰਦੀ। ਉਨ੍ਹਾਂ ਨੂੰ ਪਦਮਸ਼੍ਰੀ ਸਨਮਾਨ ਨਾਲ ਭਾਰਤ ਸਰਕਾਰ ਨੇ ਨਿਵਾਜਿਆ। ਦੇਸ਼ ਵਿਦੇਸ਼ ਵਿਚ ਭਾਈ ਸਾਹਿਬ ਦੇ ਮਾਨ ਸਨਮਾਨ ਦੇ ਸਾਹਵੇਂ ਮੈਂ ਤਾਂ ਜੀਵਨ ਦੇ ਪਹਿਲੇ ਪੜ੍ਹਾ ਵਿਚ ਨਾਲ ਵਿਚਰਨ ਵਾਲੇ ਇਕ ਸਾਥੀ ਵਜੋਂ ਉਨ੍ਹਾਂ ਨਾਲ ਮਿਲਦਾ ਸਾਂ, ਪਰ ਭਾਈ ਸਾਹਿਬ ਹਮੇਸ਼ਾ ਹਰ ਸਟੇਜ 'ਤੇ ਮੇਰਾ ਮਾਣ ਵਧਾਉਂਦੇ ਅਤੇ ਜਦੋਂ ਵੀ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਵੀ ਪ੍ਰੋਗਰਾਮ 'ਤੇ ਆਉਂਦੇ ਤਾਂ ਸਟੇਜ ਤੋਂ ਮੇਰਾ ਜ਼ਿਕਰ ਕਰਦੇ ਹੋਏ ਹਮੇਸ਼ਾ ਮੇਰਾ ਮਾਣ ਵਧਾਉਂਦੇ। ਫਰਵਰੀ 2020 ਦੌਰਾਨ ਗੁਰਮਤਿ-ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ ਸਿਮ੍ਰਿਤੀ ਸਮਾਰੋਹ ਦੇ ਆਯੋਜਨ ਸਬੰਧੀ ਚਰਚਾ ਕਰਦੇ ਹੋਏ ਪ੍ਰੋਫੈਸਰ ਨਿਵੇਦਿਤਾ ਸਿੰਘ ਨਾਲ ਭਾਈ ਸਾਹਿਬ ਨੂੰ ਵਿਸ਼ੇਸ਼ ਮਹਿਮਾਨ ਵਜੋਂ ਬੁਲਾਉਣ ਦੀ ਇੱਛਾ ਜਾਗਰਿਤ ਹੋਈ। ਮੈਂ ਭਾਈ ਸਾਹਿਬ ਨੂੰ ਫ਼ੋਨ ਕੀਤਾ ਅਤੇ ਪਟਿਆਲਾ ਆਉਣ ਦੀ ਬੇਨਤੀ ਕੀਤੀ। ਭਾਈ ਸਾਹਿਬ ਨੇ ਦੱਸਿਆ ਕਿ ਜੇਕਰ ਮੈਂ ਹਿੰਦੁਸਤਾਨ ਵਿਚ ਹੋਇਆ ਤਾਂ ਸਾਰੇ ਕੰਮ ਛੱਡ 'ਕੇ ਵੀ ਆਵਾਂਗਾ। ਮੈਨੂੰ ਬੜੀ ਖ਼ੁਸ਼ੀ ਹੋਈ। ਅਸੀਂ ਸਾਰੇ ਬਹੁਤ ਖ਼ੁਸ਼ ਹੋਏ ਕਿ ਭਾਈ ਸਾਹਿਬ ਨੇ ਆਉਣਾ ਕਬੂਲ ਕਰ ਲਿਆ ਹੈ। ਕੀਰਤਨੀਏ ਵਜੋਂ ਆਉਣਾ ਅਲੱਗ ਹੁੰਦਾ ਹੈ। ਉਸ ਸਮੇਂ ਸੰਗਤਾਂ ਦਾ ਭਰਪੂਰ ਆਸ਼ੀਰਵਾਦ ਮਿਲਦਾ ਹੈ ਪਰ ਸਿਰਫ਼ ਸੈਮੀਨਾਰ ਵਿਚ ਪਹੁੰਚਣ ਲਈ ਭਾਈ ਸਾਹਿਬ ਵੱਲੋਂ ਪੂਰਾ

ਇਕ ਦਿਨ ਰਾਖਵਾਂ ਰੱਖਣਾ ਬਹੁਤ ਵੱਡੀ ਗਲ ਸੀ। ਸਮਾਗਮ ਤੋਂ ਤਿੰਨ ਚਾਰ ਦਿਨ ਪਹਿਲਾਂ ਡਾ. ਜਸਬੀਰ ਕੌਰ ਜੀ ਦਾ ਫ਼ੋਨ ਆਇਆ ਕਿ ਭਾਈ ਨਿਰਮਲ ਸਿੰਘ ਖ਼ਾਲਸਾ ਪਟਿਆਲਾ ਆ ਰਹੇ ਹਨ। ਤੁਸੀਂ ਉਨ੍ਹਾਂ ਨੂੰ ਕਹੋ ਕਿ ਪਹਿਲਾਂ ਮੇਰੇ ਕਾਲਜ (ਗੁਰਮਤਿ ਕਾਲਜ, ਪਟਿਆਲਾ) ਚਰਨ ਆਉਣ। ਅਸੀਂ ਉਨ੍ਹਾਂ ਦਾ ਲੈਕਚਰ ਕਰਵਾਉਣਾ ਚਾਹੁੰਦੇ ਹਾਂ। ਮੈਂ ਭਾਈ ਸਾਹਿਬ ਨੂੰ ਬੇਨਤੀ ਕੀਤੀ ਅਤੇ ਉਹ ਮੰਨ ਗਏ। ਜਿਸ ਦਿਨ ਪ੍ਰੋਗਰਾਮ ਸੀ, ਭਾਈ ਸਾਹਿਬ ਆਪਣੇ ਦਿੱਤੇ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਗੁਰਮਤਿ ਕਾਲਜ ਪਟਿਆਲਾ ਪਹੁੰਚ ਚੁੱਕੇ ਸਨ। ਪਰ ਮੈਨੂੰ ਇਹ ਜਾਣ 'ਕੇ ਬੜਾ ਅਚਰਜ ਹੋਇਆ ਕਿ ਭਾਈ ਸਾਹਿਬ ਦਾ ਡਰਾਈਵਰ ਉਸ ਦਿਨ ਬਿਮਾਰ ਹੋਣ ਕਾਰਨ ਨਾਲ ਨਹੀਂ ਆ ਸਕਿਆ ਅਤੇ ਭਾਈ ਸਾਹਿਬ ਖ਼ੁਦ ਆਪਣੀ ਕਾਰਜ ਚਲਾ 'ਕੇ ਪਟਿਆਲਾ ਪਹੁੰਚੇ ਸਨ। ਇਹ ਉਨ੍ਹਾਂ ਦਾ ਵਡੱਪਣ ਹੀ ਸੀ ਕਿ ਉਹ ਆਪਣੇ ਪਿਆਰਿਆਂ ਨਾਲ ਕੀਤੇ ਵਚਨ ਹਰ ਕੀਮਤ 'ਤੇ ਨਿਭਾਉਂਦੇ ਸਨ। ਮਾਰਚ 2020 ਦੇ ਪਹਿਲੇ ਹਫ਼ਤੇ ਮੈਨੂੰ ਫ਼ੋਨ ਆਇਆ ਕਿ ਮੈਂ ਨਾਭਾ ਵਿਖੇ ਕੀਰਤਨ ਕਰਨ ਆਇਆ ਹਾਂ। ਸਵੇਰੇ ਕਰਨਾਲ ਜਾਣਾ ਹੈ। ਮੈਂ ਉਨ੍ਹਾਂ ਦੇ ਠਹਿਰਨ ਲਈ ਗੈੱਸਟ ਹਾਊਸ ਪੰਜਾਬੀ ਯੂਨੀਵਰਸਿਟੀ ਵਿਖੇ ਦੋ ਕਮਰੇ ਰਾਖਵੇਂ ਕਰਵਾਏ। ਭਾਈ ਸਾਹਿਬ ਕੀਰਤਨ ਤੋਂ ਦੇਰੀ ਨਾਲ ਵਿਹਲੇ ਹੋਏ ਅਤੇ ਗੈੱਸਟ ਹਾਊਸ ਵੀ ਦੇਰੀ ਨਾਲ ਪਹੁੰਚੇ। ਸਵੇਰੇ ਭਾਈ ਸਾਹਿਬ ਨੇ ਸਵਖਤੇ ਜਾਣਾ ਸੀ, ਇਸ ਲਈ ਉਨ੍ਹਾਂ ਦੇ ਦਰਸ਼ਨ ਨਹੀਂ ਹੋ ਸਕੇ। ਪਰ ਉਨ੍ਹਾਂ ਨਾਲ ਫ਼ੋਨ 'ਤੇ ਹੋਈ ਆਖ਼ਰੀ ਗੱਲਬਾਤ ਅਜੇ ਵੀ ਕੰਨਾਂ ਵਿਚ ਗੂੰਜਦੀ ਹੈ ਅਤੇ ਇਹ ਅਹਿਸਾਸ ਕਰਵਾਉਂਦੀ ਹੈ ਕਿ ਭਾਈ ਸਾਹਿਬ ਕਿਤੇ ਨਹੀਂ ਗਏ, ਉਸ ਸਾਡੇ ਵਿਚ ਹੀ ਹਨ, ਸਾਡੀਆਂ ਸਿਮ੍ਰਿਤੀਆਂ ਦਾ ਅਨਿੱਖੜ ਹਿੱਸਾ ਹਨ।

ਇੰਚਾਰਜ, ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

---

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਭਲੋ ਭਲੋ ਰੇ ਕੀਰਤਨੀਆ

ਡਾ. ਨਿਵੇਦਿਤਾ ਸਿੰਘ

'ਕੀਰਤਨੁ ਨਿਰਮੋਲਕ ਹੀਰਾ' ਦੇ ਗੁਰਵਾਕ ਨੂੰ ਸੱਚ ਕਰਦੇ ਪੰਥ ਦੇ ਸਤਿਕਾਰਿਤ ਤੇ ਸੰਗਤਾਂ ਦੇ ਚਹੇਤੇ ਕੀਰਤਨਕਾਰ ਭਾਈ ਨਿਰਮਲ ਸਿੰਘ ਖ਼ਾਲਸਾ 12 ਅਪ੍ਰੈਲ, 1952 ਨੂੰ ਪਿੰਡ ਜੰਡਵਾਲਾ ਭੀਮੇਸ਼ਾਹ, ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਜਨਮੇ। ਆਪ ਪਿਤਾ ਗਿਆਨੀ ਚੰਨਣ ਸਿੰਘ ਤੇ ਮਾਤਾ ਗੁਰਦੇਵ ਕੌਰ ਦੇ ਪਲੇਠੇ ਪੁੱਤਰ ਸਨ। 1968 ਵਿੱਚ ਪਰਿਵਾਰ ਨੂੰ ਜ਼ਿਲ੍ਹਾ ਜਲੰਧਰ ਦੇ ਮੰਡ ਖੇਤਰ ਦੇ ਪਿੰਡ ਮੰਡਾਲਾ ਵਿੱਚ ਜ਼ਮੀਨ ਅਲਾਟ ਹੋਈ ਤਾਂ ਸਤਲੁਜ ਦਰਿਆ ਦੇ ਕੰਢੇ ਮੱਝਾਂ ਚਾਰਦਿਆਂ ਬਚਪਨ ਬੀਤਿਆ। ਰੱਬੀ ਦਾਤ ਰਾਹੀਂ ਪ੍ਰਾਪਤ ਹੋਈ ਸੁਰੀਲੀ ਤੇ ਪੁਰਕਸ਼ਿਸ਼ ਆਵਾਜ਼ ਵਿੱਚ ਜਦੋਂ ਬਾਲਕ ਹੀਰ ਗਾਉਂਦਾ ਤਾਂ ਆਉਂਦੇ ਜਾਂਦੇ ਰਾਹਗੀਰ ਖੜ੍ਹ ਕੇ ਸੁਣਦੇ ਤੇ ਸਰਾਹੁੰਦੇ। ਪਿੰਡ ਦੀ ਸੱਥ ਵਿੱਚ ਬਿਠਾ ਕੇ ਪਿੰਡ ਵਾਸੀ ਹੀਰ, ਸੋਹਣੀ ਤੇ ਸੱਸੀ ਦੇ ਕਿੱਸੇ ਸੁਣਦੇ ਰਹਿੰਦੇ। ਐਥੋਂ ਹੀ ਕਿਸੇ ਬਜ਼ੁਰਗ ਨੇ ਰਾਗ ਵਿਦਿਆ ਸਿੱਖਣ ਦੀ ਸਿਆਣੀ ਸਲਾਹ ਦਿੱਤੀ। ਇਸ ਪਰਥਾਇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦਾ ਪਤਾ ਲੱਗਿਆ ਤੇ ਦਾਖ਼ਲੇ ਲਈ ਕਿਸੇ ਰਾਹੀਂ ਪੱਤਰ ਭੇਜ ਦਿੱਤਾ। ਕਰਨੀ ਰੱਬ ਦੀ ਕਿ ਇੰਟਰਵਿਊ ਲਈ ਸੱਦਾ ਪੱਤਰ ਆ ਗਿਆ ਪਰ ਕਿਰਾਇਆ ਖਰਚਣ ਜੋਗੇ ਪੈਸੇ ਨਹੀਂ ਸੀ। ਮਾਂ ਨੇ ਖ਼ਰਚੇ ਅਤੇ ਹੋਰ ਪ੍ਰਬੰਧਾਂ ਲਈ ਆਪਣੀ ਮੁੰਦਰੀ ਲਾਹ ਕੇ ਦੇ ਦਿੱਤੀ ਤੇ ਮਾਂ ਦੀਆਂ ਅਸੀਸਾਂ ਨੇ ਅਜਿਹਾ ਕੌਤਕ ਵਰਤਾਇਆ ਜਿਸ ਨੂੰ ਸਾਰੇ ਸੰਸਾਰ ਨੇ ਰੱਜ-ਰੱਜ ਤੱਕਿਆ ਤੇ ਮਾਣਿਆ। ਬਾਲਕ ਨਿਰਮਲ ਸਿੰਘ ਇੰਟਰਵਿਊ ਬੋਰਡ ਅੱਗੇ ਜਾ ਪੇਸ਼ ਹੋਇਆ ਜਿਸ ਵਿੱਚ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਿੰਸੀਪਲ ਹਰਿਭਜਨ ਸਿੰਘ ਤੇ ਉਸਤਾਦ ਅਵਤਾਰ ਸਿੰਘ ਨਾਜ਼ ਜਹੀਆਂ ਸ਼ਖ਼ਸੀਅਤਾਂ ਬਿਰਾਜਮਾਨ ਸਨ। ਉਹਨਾਂ ਕੋਈ ਸ਼ਬਦ ਸੁਣਾਉਂਣ ਨੂੰ ਕਿਹਾ ਪਰ ਉਸ ਨੇ ਧਾਰਮਿਕ ਗੀਤ ਗਾ ਦਿੱਤੇ ਕਿਉਂਕਿ ਭੋਲੇ ਬਾਲਕ ਨੂੰ ਅਜੇ ਸ਼ਬਦ ਤੇ ਧਾਰਮਿਕ ਗੀਤ ਵਿਚਲਾ ਅੰਤਰ ਪਤਾ ਨਹੀਂ ਸੀ। ਪਾਰਖੂ ਮੈਂਬਰ ਸਾਹਿਬਾਨ ਨੇ ਗੁਣ ਨੂੰ ਪਛਾਣ ਲਿਆ ਤੇ ਦਾਖ਼ਲਾ ਮਿਲ ਗਿਆ। ਐਥੋਂ ਅਜਿਹਾ ਸਫ਼ਰ ਸ਼ੁਰੂ ਹੋਇਆ ਜਿਸ ਵਿੱਚ ਨਿਰੰਤਰ ਚਲਦਿਆਂ ਅੱਗੇ ਜਾ ਕੇ ਭਾਈ ਨਿਰਮਲ ਸਿੰਘ ਖ਼ਾਲਸਾ ਦੀ ਗਾਈ ਆਸਾ ਦੀ ਵਾਰ ਦੀ ਸੀ.ਡੀ. ਦੀਆਂ 90 ਲੱਖ ਤੋਂ ਵੱਧ ਕਾਪੀਆਂ ਵਿਕੀਆਂ ਅਤੇ ਮੱਝਾਂ ਚਾਰਦੇ ਤੇ ਗਾਉਂਦੇ ਪਾਲੀ ਨੂੰ ਪਦਮ ਸ੍ਰੀ ਨਾਲ ਨਵਾਜਿਆ ਗਿਆ ਜਿਸ ਨੇ ਦੁਨੀਆਂ ਭਰ ਵਿੱਚ ਕੀਰਤਨ ਨਾਲ ਸੰਗਤਾਂ ਨੂੰ ਸਰਸ਼ਾਰ ਕੀਤਾ।

ਭਾਈ ਨਿਰਮਲ ਸਿੰਘ ਖ਼ਾਲਸਾ ਦਾ ਸੰਗੀਤਕ ਸੰਘਰਸ਼ ਤੇ ਸਫ਼ਰ ਕਾਫ਼ੀ ਲੰਮਾ ਰਿਹਾ ਪਰ ਪਰਮਾਤਮਾ ਦੀ ਬਖ਼ਸ਼ਿਸ਼ ਰਹੀ ਕਿ ਸੰਘਰਸ਼ ਨੂੰ ਬੂਰ ਪਿਆ। ਵਿਸ਼ਵ ਭਰ ਵਿੱਚ ਗੁਰਬਾਣੀ ਦੇ ਕਦਰਦਾਨਾਂ ਵਿੱਚ ਉਹਨਾਂ ਦੀ ਆਵਾਜ਼ ਤੇ ਕੀਰਤਨ ਸ਼ੈਲੀ ਵੱਖਰੀ ਪਛਾਣ ਬਣਾ ਚੁੱਕੀ ਹੈ। ਸੰਨ 1979 ਵਿੱਚ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਹਜ਼ੂਰੀ ਰਾਗੀ ਭਾਈ ਗੁਰਮੇਜ਼ ਸਿੰਘ ਨਾਲ ਸਹਾਇਕ ਵਜੋਂ ਹਾਜ਼ਰ ਹੋਏ। ਸੰਨ 1986 ਵਿੱਚ ਆਪਣਾ ਰਾਗੀ ਜਥਾ ਬਣਾਇਆ ਜਿਸ ਵਿੱਚ ਲੰਮਾ ਸਮਾਂ ਉਹਨਾਂ ਨਾਲ ਸਹਾਇਕ ਰਾਗੀ ਵਜੋਂ ਭਾਈ ਦਰਸ਼ਨ ਸਿੰਘ ਨੇ ਸੇਵਾ

ਨਿਭਾਈ। ਤਬਲੇ ਦੀ ਸੰਗਤ ਭਾਈ ਕਰਤਾਰ ਸਿੰਘ ਤੇ ਭਾਈ ਕੁਲਜੀਤ ਸਿੰਘ ਨਿਭਾਉਂਦੇ ਰਹੇ ਤੇ ਦਿਲਰੁਬਾ ਉੱਤੇ ਭਾਈ ਸੰਦੀਪ ਸਿੰਘ ਸੰਗਤਕਾਰ ਵਜੋਂ ਰਹੇ। ਇਸ ਜਥੇ ਨੇ ਪੰਜਾਂ ਤਖ਼ਤਾਂ, ਦੇਸ਼-ਵਿਦੇਸ਼ ਦੇ ਗੁਰਦੁਆਰਾ ਸਾਹਿਬਾਨ, ਵਿਸ਼ਵ ਭਰ ਦੇ ਕੀਰਤਨ ਦਰਬਾਰਾਂ ਤੇ ਹੋਰ ਅਨੰਤ ਕੀਰਤਨ ਸਮਾਗਮਾਂ ਵਿੱਚ ਆਪਣੀ ਹਾਜ਼ਰੀ ਲਗਵਾਈ।

ਭਾਈ ਖ਼ਾਲਸਾ ਦੀ ਬੁਲੰਦ ਤੇ ਅਸਰਦਾਰ ਆਵਾਜ਼ ਰੱਬੀ ਦੇਣ ਸੀ ਜਿਸ ਨੂੰ ਤਾਲੀਮ, ਸਾਧਨਾ ਤੇ ਚਿੰਤਨ ਨਾਲ ਉਹਨਾਂ ਹੋਰ ਚਮਕਾਇਆ। ਗੁਰਬਾਣੀ ਦਾ ਸਪਸ਼ਟ ਤੇ ਖ਼ੂਬਸੂਰਤ ਉਚਾਰਨ ਜਦੋਂ ਇਸ ਪੁਖ਼ਤਾ ਆਵਾਜ਼ ਦੇ ਮਾਧਿਅਮ ਰਾਹੀਂ ਰਾਗ ਵਿੱਚ ਢਲ਼ ਕੇ ਸ੍ਰੋਤਿਆਂ ਤੱਕ ਪਹਚੁੰਦਾ ਤਾਂ ਸਹਿਜੇ ਹੀ ਸ਼ਬਦ ਦਾ ਸੰਚਾਰ ਅੰਤਰ ਆਤਮਾ ਤੱਕ ਹੁੰਦਾ। ਰਾਗ ਵਿਦਿਆ ਦੇ ਨਾਲ-ਨਾਲ ਆਪ ਗੁਰਬਾਣੀ ਦੇ ਗੂੜ੍ਹ ਗਿਆਤਾ ਅਤੇ ਗੁਰਮਤਿ ਫ਼ਲਸਫ਼ੇ ਦੇ ਗਿਆਨੀ ਸਨ। ਜਿੱਥੇ ਆਪ ਨਿਰਧਾਰਿਤ ਰਾਗਾਂ ਵਿੱਚ ਸ਼ਬਦ-ਰੀਤਾਂ ਦਾ ਗਾਇਨ ਕਰਨ ਦੇ ਪੂਰਨ ਸਮਰੱਥ ਸਨ ਉੱਥੇ ਸੰਗਤ ਦੀ ਰੁਚੀ ਅਨੁਸਾਰ ਸੁਗਮ ਸ਼ੈਲੀ ਵਿੱਚ ਵੀ ਬਾਖ਼ੂਬੀ ਕੀਰਤਨ ਕਰਦੇ ਸਨ। ਰਾਗ ਦੇ ਨਾਲ-ਨਾਲ ਤਾਲ ਉੱਪਰ ਵੀ ਉਹਨਾਂ ਦਾ ਪੂਰਨ ਅਧਿਕਾਰ ਸੀ ਤੇ ਸ਼ਬਦ ਗਾਇਨ ਵੱਖ-ਵੱਖ ਤਾਲਾਂ ਵਿੱਚ ਕਰਦੇ ਸਨ। ਗੁਰਮਤਿ ਸੰਗੀਤ ਜਹੀ ਮਰਿਆਦਾ ਪੂਰਨ ਤੇ ਵਿਧੀ-ਵਿਧਾਨ ਵਾਲੀ ਗਾਇਨ ਪੱਧਤੀ ਵਿੱਚ ਕਲਾਤਮਕਤਾ ਦੀਆਂ ਉਡਾਰੀਆਂ ਨਾਲੋਂ ਅਧਿਆਤਮਕਤਾ ਦੀ ਪਰਵਾਜ਼ ਰਾਹੀਂ ਵਿਸ਼ਾਲ ਬ੍ਰਹਿਮੰਡੀ ਯਾਤਰਾ ਲਈ ਪ੍ਰਸਥਾਨ ਕਰਨਾ ਕੀਰਤਨਕਾਰ ਦਾ ਧਰਮ ਹੈ। ਸ਼ਬਦ ਤੇ ਰਾਗ ਦੀ ਪੀਂਘ ਉੱਤੇ ਵਿਸਮਾਦੀ ਹਿਲੋਰੇ ਲੈਂਦੇ ਹੋਏ ਕੀਰਤਨਕਾਰ ਸੰਗਤ ਨੂੰ ਅਨਹਦ ਨਾਦ ਦੇ ਵਿਸ਼ਾਲ ਅੰਬਰਾਂ ਵਿੱਚ ਉਚਾਈ ਤੱਕ ਲੈ ਜਾਂਦਾ ਹੈ। ਹਿੰਦੁਸਤਾਨੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿੱਚ ਰਾਗ-ਵਿਸਥਾਰ ਦੇ ਵੱਖ-ਵੱਖ ਤੱਤਾਂ ਅਤੇ ਗਲੇ ਦੀਆਂ ਹਰਕਤਾਂ ਦੇ ਵਖਰੇਵੇਂ ਰਾਹੀਂ ਵਿਅਕਤੀਗਤ ਸ਼ੈਲੀ ਸਥਾਪਿਤ ਕਰਨ ਦਾ ਪਾਸਾਰ ਕਿਤੇ ਵੱਧ ਹੈ ਪਰ ਗੁਰਮਤਿ ਸੰਗੀਤ ਦੀਆਂ ਮਰਿਆਦਾਵਾਂ ਦੀ ਪਾਲਣਾ ਕਰਦੇ ਹੋਏ ਭਾਈ ਨਿਰਮਲ ਸਿੰਘ ਖ਼ਾਲਸਾ ਨੇ ਸਮਕਾਲੀ ਕੀਰਤਨਕਾਰਾਂ ਵਿੱਚ ਨਵੇਕਲਾ ਅੰਦਾਜ਼ ਸਥਾਪਿਤ ਕੀਤਾ। ਉਹ ਗੁਰਮਤਿ ਸੰਗੀਤ ਦੇ ਸਾਧਕ ਹੋਣ ਦੇ ਨਾਲ-ਨਾਲ ਹਿੰਦੁਸਤਾਨੀ ਸੰਗੀਤ ਦੀਆਂ ਹੋਰ ਸਿਨਫ਼ਾ ਦੇ ਉਪਾਸਕ ਤੇ ਜਾਣਕਾਰ ਸਨ। ਇਹਨਾਂ ਸ਼ੈਲੀਆਂ ਦਾ ਮਰਮ ਤੇ ਸੁਹਜ ਉਹ ਬਾਖ਼ੂਬੀ ਜਾਣਦੇ ਤੇ ਮਾਣਦੇ ਸਨ। ਸਰਬੋਤਮ ਗ਼ਜ਼ਲ ਗਾਇਕ ਗ਼ੁਲਾਮ ਅਲੀ ਨਾਲ ਭਾਈ ਖ਼ਾਲਸਾ ਦੀ ਗੂੜ੍ਹੀ ਸਾਂਝ ਅਤੇ ਮਿੱਤਰਤਾ ਸੀ ਤੇ ਉਹ ਗ਼ੁਲਾਮ ਅਲੀ ਦੇ ਸ਼ਗਿਰਦ ਵੀ ਸਨ। ਵਿਸ਼ਵ ਪ੍ਰਸਿੱਧ ਗਾਇਕਾ ਆਸ਼ਾ ਭੋਂਸਲੇ ਦੇ ਘੋਰ ਪ੍ਰਸੰਸਕ ਸਨ ਤੇ ਆਸ਼ਾ ਨਾਲ ਮਿਲ ਕੇ ਸ਼ਬਦ ਗਾਇਨ ਦੀ ਐਲਬਮ ਦਾ ਨਿਰਮਾਣ ਕਰਨ ਦੇ ਚਾਹਵਾਨ ਵੀ ਸਨ।

ਭਾਈ ਨਿਰਮਲ ਸਿੰਘ ਖ਼ਾਲਸਾ ਨੇ ਹਜ਼ਾਰਾਂ ਸ਼ਬਦ ਪਦਿਆਂ ਅਤੇ ਆਸਾ ਦੀ ਵਾਰ ਨੂੰ ਆਵਾਜ਼ ਪ੍ਰਦਾਨ ਕਰਨ ਤੋਂ ਇਲਾਵਾ ਗੁਰੂ ਅਰਜਨ ਦੇਵ ਦੀ ਪਾਵਨ ਰਚਨਾ 'ਸੁਖਮਨੀ ਸਾਹਿਬ' ਦਾ ਗਉੜੀ ਰਾਗ ਵਿੱਚ ਗਾਇਨ ਕੀਤਾ। ਇਸ ਤੋਂ ਇਲਾਵਾ ਬਾਰਾਮਾਹ ਅਤੇ ਸਲੋਕ ਸ਼ੇਖ਼ ਫ਼ਰੀਦ ਦਾ ਗਾਇਨ ਕਰ ਰਿਕਾਰਡਿੰਗ ਵੀ ਕਰਵਾਈ। ਹਿੰਦੁਸਤਾਨ ਦੀਆਂ ਲਗਭਗ ਸਾਰੀਆਂ ਮਸ਼ਹੂਰ ਰਿਕਾਰਡਿੰਗ ਕੰਪਨੀਆਂ ਨੇ ਭਾਈ ਸਾਹਿਬ ਦੀਆਂ 80 ਦੇ ਕਰੀਬ ਕੈਸਟਾਂ ਤੇ ਸੀ.ਡੀਜ਼ ਤਿਆਰ ਕੀਤੀਆਂ ਜੋ ਕੀਰਤਨ ਪ੍ਰੇਮੀਆਂ ਵੱਲੋਂ ਵੱਡੀ ਗਿਣਤੀ ਵਿੱਚ ਖ਼ਰੀਦੀਆਂ ਜਾਂਦੀਆਂ ਹਨ। ਭਾਈ ਖ਼ਾਲਸਾ ਨੇ ਕੁਝ ਫ਼ਿਲਮਾਂ ਵਿੱਚ ਵੀ ਸ਼ਬਦ ਗਾਇਨ ਕੀਤਾ। ਫ਼ਿਲਮ 'ਨਾਨਕ ਸ਼ਾਹ ਫ਼ਕੀਰ' ਵਿੱਚ ਉਹਨਾਂ ਵੱਲੋਂ ਗਾਏ ਸ਼ਬਦਾਂ ਤੋਂ ਸੰਗਤਾਂ ਵਾਂਝੀਆਂ ਰਹਿ ਗਈਆਂ ਕਿਉਂਕਿ ਇਹ ਫ਼ਿਲਮ ਰਿਲੀਜ਼ ਨਾ ਹੋ ਸਕੀ। ਵਿਸ਼ਵ ਦੇ ਲਗਭਗ 71 ਦੇਸ਼ਾਂ ਦਾ ਰਟਨ ਕਰਨ ਵਾਲੇ ਭਾਈ ਨਿਰਮਲ ਸਿੰਘ ਖ਼ਾਲਸਾ ਕਾਦਰ ਦੀ ਸਜਾਈ ਕੁਦਰਤ ਦੇ ਦਰਸ਼ਨ ਕਰਨ ਦੇ ਅਥਾਹ ਸ਼ੌਕੀਨ ਸਨ। ਵੱਖ-ਵੱਖ ਦੇਸ਼ਾਂ ਵਿੱਚ ਗੁਰਬਾਣੀ ਗਾਇਨ ਕਰਨ ਦੇ ਨਾਲ-ਨਾਲ ਉਥੋਂ ਦੇ ਕੁਦਰਤੀ ਸੁਹੱਪਣ, ਰਹਿਣੀ-ਬਹਿਣੀ ਅਤੇ ਸਭਿਆਚਾਰ ਨੂੰ ਵੇਖਣ ਤੇ ਜਾਣਨ ਪ੍ਰਤੀ ਉਹਨਾਂ ਦੀ ਵਿਸ਼ੇਸ਼ ਦਿਲਚਸਪੀ ਸੀ। ਉਹਨਾਂ ਦਾ ਮੰਨਣਾ ਸੀ ਕਿ ਜੇ ਕਿਸੇ ਮੁਲਕ ਦੀ ਤਹਿਜ਼ੀਬ ਨੂੰ ਸਮਝਣਾ ਹੈ ਤਾਂ ਉਸ ਦੇ ਸ਼ਹਿਰ ਨਹੀਂ ਪਿੰਡ ਵੇਖਣੇ ਚਾਹੀਦੇ ਹਨ। ਭਾਈ ਸਾਹਿਬ ਗੱਡੀ ਚਲਾਉਣ ਦੇ ਸ਼ੌਕੀਨ ਸਨ ਤੇ ਦੂਰ ਦੁਰਾਡੀਆਂ ਥਾਵਾਂ ਉੱਤੇ ਆਪ ਜਾਂਦੇ। ਅਕਾਲ ਪੁਰਖ ਦੀ ਕਾਇਨਾਤ ਦਾ ਅਨੰਦ ਮਾਣਨ ਤੇ ਰੱਬੀ ਰੰਗ ਵਿੱਚ ਰੰਗੇ ਜਾਣ ਵਿੱਚ ਵਿਸ਼ਵਾਸ ਰੱਖਦੇ ਸਨ।

ਭਾਈ ਨਿਰਮਲ ਸਿੰਘ ਖ਼ਾਲਸਾ ਨੇ ਸੰਪੂਰਨਤਾ ਵਾਲਾ ਜੀਵਨ ਜੀਵਿਆ। ਗੁਰਮਤਿ ਸੰਗੀਤ ਦੇ ਸਾਧਕ ਅਤੇ ਪਰੰਪਰਾ ਦੇ ਵਾਹਕ ਹੋਣ ਦੇ ਨਾਲ-ਨਾਲ ਸਮਕਾਲ ਦੇ ਸਮਾਜਿਕ ਮੁੱਦਿਆਂ ਪ੍ਰਤੀ ਵੀ ਆਪ ਪੂਰੇ ਚੇਤੰਨ ਰਹੇ। ਕਿਸਾਨਾਂ ਅਤੇ ਮਜ਼ਦੂਰਾਂ ਬਾਰੇ ਅਖ਼ਬਾਰਾਂ ਵਿੱਚ ਲੇਖ, ਗੀਤ, ਕਵਿਤਾਵਾਂ ਵੀ ਲਿਖਦੇ ਰਹੇ। ਲਿਖਣ-ਪੜ੍ਹਨ ਵਿੱਚ ਆਪਦੀ ਵਿਸ਼ੇਸ਼ ਰੁਚੀ ਤੇ ਵਿਚਾਰਾਂ ਦੀ ਪਰਿਪੱਕਤਾ ਨੇ ਆਪ ਨੂੰ ਇੱਕ ਸੁਘੜ ਵਾਰਤਾਕਾਰ ਵੀ ਬਣਾ ਦਿੱਤਾ ਸੀ। ਪੰਜਾਬੀ ਟ੍ਰਿਬਿਊਨ ਵਿੱਚ ਕੀਰਤਨਕਾਰਾਂ ਬਾਰੇ ਆਪ ਦੇ ਲੜੀਵਾਰ ਲੇਖ 'ਗੁਰਮਤਿ ਸੰਗੀਤ ਦੇ ਅਨਮੋਲ ਰਤਨ' ਅਤੇ 'ਪ੍ਰਸਿੱਧ ਕੀਰਤਨਕਾਰ ਬੀਬੀਆਂ' ਨਾਮਕ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਹੋਏ। ਭਾਈ ਸਾਹਿਬ ਕੀਰਤਨ ਦੀ ਵਿਰਾਸਤ ਸਾਂਭਣ ਵਾਲਿਆਂ ਦੇ ਕਦਰਦਾਨ ਸਨ ਤੇ ਰਾਗੀ ਸ਼੍ਰੇਣੀ ਵਿੱਚ ਮਿਹਨਤ ਤੋਂ ਗੁਰੇਜ਼ ਕਰਨ ਦੀ ਪਸਰ ਰਹੀ ਭਾਵਨਾ ਤੋਂ ਪਰੇਸ਼ਾਨ ਰਹਿੰਦੇ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਭਾਈ ਨਿਰਮਲ ਸਿੰਘ ਖ਼ਾਲਸਾ ਦਾ ਵਿਸ਼ੇਸ਼ ਲਗਾਓ ਰਿਹਾ। ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਵਿਭਾਗ ਵਿੱਚ ਬਤੌਰ ਵਿਜ਼ਿਟਿੰਗ ਸਕਾਲਰ ਵਿਦਿਆਰਥੀਆਂ ਨੂੰ ਗੁਰ ਦੱਸਣ ਦੇ ਨਾਲ-ਨਾਲ ਗੁਰਮਤਿ ਸੰਗੀਤ ਚੇਅਰ ਵੱਲੋਂ ਆਪ ਦੀ ਆਰਕਾਈਵਲ ਰਿਕਾਰਡਿੰਗ ਤੇ ਡਾਕੂਮੈਂਟਰੀ ਫ਼ਿਲਮ ਵੀ ਤਿਆਰ ਕੀਤੀ ਗਈ। ਇਸ ਤੋਂ ਇਲਾਵਾ ਪ੍ਰੋ. ਤਾਰਾ ਸਿੰਘ ਦੇ ਸਮੂਹ ਸ਼ਿਸ਼ ਮੰਡਲ ਅਤੇ ਗੁਰਮਤਿ ਸੰਗੀਤ ਚੇਅਰ ਵੱਲੋਂ ਆਪ ਨੂੰ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਸਿਮ੍ਰਤੀ ਐਵਾਰਡ ਵੀ ਪ੍ਰਦਾਨ ਕੀਤਾ ਗਿਆ। ਯੂਨੀਵਰਸਿਟੀ ਵਿਖੇ ਆਪਣੀ ਆਖ਼ਰੀ ਫੇਰੀ ਦੌਰਾਨ ਜਨਵਰੀ ਮਹੀਨੇ ਸੰਗੀਤ ਵਿਭਾਗ ਵੱਲੋਂ ਆਯੋਜਿਤ ਕੀਤੇ ਗਏ ਪ੍ਰੋ. ਤਾਰਾ ਸਿੰਘ ਪਟਿਆਲਾ ਸੰਗੀਤ ਸੰਮੇਲਨ ਦੀ ਇੱਕ ਸ਼ਾਮ ਦੀ ਸਦਾਰਤ ਵੀ ਭਾਈ ਖ਼ਾਲਸਾ ਨੇ ਕੀਤੀ।

ਸੰਗੀਤਕਾਰ ਦਾ ਵਿਅਕਤਿਤਵ ਵਿਸ਼ਾਲ ਹੁੰਦਾ ਹੈ ਤੇ ਉਹ ਆਪਣੇ ਦੇਸ਼ ਦੀ ਕਲਾ ਅਤੇ ਪਰੰਪਰਾ ਦਾ ਸਭਿਆਚਾਰਕ ਦੂਤ ਹੁੰਦਾ ਹੈ। ਸੱਚਾ ਫ਼ਨਕਾਰ ਪਰੰਪਰਾ, ਸਮਕਾਲ ਤੇ ਭਵਿੱਖ ਦਾ ਮੁਜੱਸਮਾ ਹੁੰਦਾ ਹੈ। ਉਹ ਪਰੰਪਰਾ ਨੂੰ ਇੱਕ ਸੁਘੜ ਦਿਸ਼ਾ ਹੀ ਨਹੀਂ ਦਿੰਦਾ ਬਲਕਿ ਘੜਦਾ ਤੇ ਨਵਿਆਉਂਦਾ ਹੈ। ਉਸ ਦਾ ਇਸ ਜੱਗ ਤੋਂ ਜਾਣਾ ਸਮਾਜ ਤੇ ਸੰਸਕ੍ਰਿਤੀ ਲਈ ਬਹੁਤ ਵੱਡਾ ਘਾਟਾ ਹੁੰਦਾ ਹੈ ਪਰ ਕਲਾ ਜਗਤ ਵਿੱਚ ਉਸ ਵੱਲੋਂ ਪਾਈਆਂ ਪਿਰਤਾਂ ਉਸ ਨੂੰ ਚਿਰ ਕਾਲ ਤੱਕ ਜ਼ਿੰਦਾ ਰੱਖਦੀਆਂ ਹਨ।

ਕਦੇ ਨਾ ਹਿੰਮਤ ਹਾਰਨ ਵਾਲੇ ਤੇ ਸਕਾਰਾਤਮਕ ਰਵੱਈਆ ਰੱਖਣ ਵਾਲੇ ਭਾਈ ਨਿਰਮਲ ਸਿੰਘ ਖ਼ਾਲਸਾ ਬੀਮਾਰ ਹੋਣ ਉਪਰੰਤ ਕਿਸ ਪ੍ਰਕਾਰ ਨਕਾਰਾਤਮਕ ਮਨੋਸਥਿਤੀ ਵਿੱਚ ਚਲੇ ਗਏ ਇਸ ਦਾ ਖੁਲਾਸਾ ਹੋ ਚੁੱਕਿਆ ਹੈ। ਬੇਹਦ ਅਫ਼ਸੋਸਨਾਕ ਹੈ ਕਿ ਕੌਮ ਦਾ ਇਹ ਹੀਰਾ ਸਾਂਭਿਆ ਨਹੀਂ ਜਾ ਸਕਿਆ। ਆਸਾ ਦੀ ਵਾਰ ਦੇ ਗਾਇਨ ਨਾਲ ਅਮਰ ਹੋ ਜਾਣ ਵਾਲੇ ਭਾਈ ਸਾਹਿਬ ਨੇ 2 ਅਪ੍ਰੈਲ, 2020 ਨੂੰ ਠੀਕ ਓਸੇ ਵੇਲੇ ਸਵਾਸ ਤਿਆਗੇ ਜੋ ਵੇਲਾ ਇਸ ਦੇ ਗਾਇਨ ਦਾ ਹੁੰਦਾ ਹੈ ਤੇ ਸਦਾ ਲਈ ਕਾਦਰ ਦੀ ਕੁਦਰਤ ਵਿੱਚ ਵਿਲੀਨ ਹੋ ਕੇ ਅਨਹਦ ਨਾਦ ਦੀਆਂ ਉਚਾਈਆਂ ਵੱਲ ਰੁਖ਼ਸਤ ਹੋ ਗਏ।

ਪ੍ਰੋਫ਼ੈਸਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸੁਰਵੰਤਾ ਸੁਰਾਂਗਲਾ ਸੱਜਣ ਸੀ: ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ

— ਗੁਰਭਜਨ ਗਿੱਲ



ਦੋ ਅਪਰੈਲ ਭਾਵੇਂ ਰਾਮਨੌਮੀ ਸੀ ਪਰ ਮੇਰੇ ਲਈ ਦਿਨ ਕਾਲ ਕਲੂਟਾ ਚੜ੍ਹਿਆ। ਸਵੇਰੇ 6 ਵਜੇ ਅੱਖ ਖੁੱਲ੍ਹੀ ਤਾਂ ਫੋਨ ਤੇ ਪਰਮਜੀਤ ਸਿੰਘ ਖਾਲਸਾ ਜੀ ਦਾ ਸੁਨੇਹਾ ਸੀ, ਨਿਰਮਲ ਸਿੰਘ ਖਾਲਸਾ ਜੀ ਸਵੇਰੇ ਤੜਕ ਸਾਰ 4.30 ਵਜੇ ਸਦੀਵੀ ਅਲਵਿਦਾ ਕਹਿ ਗਏ ਹਨ। ਇਸੇ ਵਕਤ ਕਦੇ ਮੈਂ ਦਰਬਾਰ ਸਾਹਿਬ ਤੋਂ ਉਨ੍ਹਾਂ ਦੀ ਗਾਈ ਆਸਾ ਦੀ ਵਾਰ ਸੁਣਨ ਲਈ ਉੱਠ ਬਹਿੰਦਾ ਸਾਂ। ਜਿੰਨੇ ਵਜਦ ਤੇ ਵਿਸਮਾਦ ਦੇ ਸੁਮੇਲ ਨਾਲ ਉਹ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨਾਲ ਸਾਨੂੰ ਜੋੜਦੇ ਸਨ, ਉਹ ਕਮਾਲ ਸੀ। ਹੁਣ ਉਹ ਪ੍ਰਭਾਤ ਵੇਲਾ ਸਾਥੋਂ ਨਿਰਮਲ ਸਿੰਘ ਖਾਲਸਾ ਜਿਹਾ ਟੀਸੀ ਦਾ ਬੇਰ ਖੋਹ ਕੇ ਲੈ ਗਿਆ ਹੈ।

ਮੈਨੂੰ ਯਾਦ ਹੈ ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ 1991 ਚ ਉਸਤਾਦ ਜਸਵੰਤ ਸਿੰਘ ਭੰਵਰਾ ਜੀ ਨੇ ਜਵੱਦੀ ਕਲਾਂ ਸਥਿਤ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਕਰਵਾਈ ਸੀ। ਇਕੱਤੀ ਰਾਗਾਂ ਤੇ ਆਧਾਰਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਕਿਸੇ ਔਖੀ ਬੰਦਸ਼ ਦਾ ਜ਼ਿੰਮਾ ਭਾਈ ਨਿਰਮਲ ਸਿੰਘ ਖਾਲਸਾ ਹਵਾਲੇ ਸੀ। ਪੂਰਾ ਜਬ੍ਹੇ ਵਾਲਾ ਜਣਾ ਸੀ ਨਿਰਮਲ ਸਿੰਘ। ਕਾਲੀ ਸਿਆਹ ਦਾੜ੍ਹੀ। ਭਰਵੇਂ ਮੁਛਹਿਰੇ।

ਗੱਲਾਂ ਗੱਲਾਂ 'ਚ ਉਨ੍ਹਾਂ ਦੱਸਿਆ ਕਿ ਉਹ ਮੈਥੋਂ ਇੱਕ ਸਾਲ ਇੱਕ ਮਹੀਨਾ ਵੱਡੇ ਹਨ। ਉਨ੍ਹਾਂ ਦਾ ਜਨਮ 12 ਅਪ੍ਰੈਲ 1952 ਦਾ ਸੀ ਤੇ ਮੇਰਾ 2 ਮਈ 1953 ਦਾ।

ਉਨ੍ਹਾਂ ਦੱਸਿਆ ਕਿ 1947 ਚ ਉਨ੍ਹਾਂ ਦੇ ਵਡਿੱਕੇ ਵੀ ਮੇਰੇ ਮਾਪਿਆਂ ਵਾਂਗ ਰਾਵੀ ਪਾਰੋਂ ਉੱਜੜ ਕੇ ਆਏ ਸਨ। ਰੁਲਣ ਦੀ ਕਹਾਣੀ ਲਗਪਗ ਇੱਕੋ ਜਹੀ ਸੀ ਸਾਡੀ।

ਭਾਈ ਨਿਰਮਲ ਸਿੰਘ ਖਾਲਸਾ ਬਚਪਨ ਚ ਪਿੰਡ ਦੇ ਪੰਚਾਇਤੀ ਰੇਡੀਓ ਤੋਂ ਹੀ ਪਾਕਿਸਤਾਨ ਦੇ ਰੇਡੀਉ ਲਾਹੌਰ ਤੋਂ ਪ੍ਰਸਾਰਤ ਹੁੰਦਾ ਪੰਜਾਬੀ ਦਰਬਾਰ ਪ੍ਰੋਗਰਾਮ ਸੁਣਦੇ ਜਿਸ ਚ ਚੰਗੇ ਰਾਗੀਆਂ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ,

ਭਾਈ ਲਾਲ ਤੇ ਭਾਈ ਚਾਂਦ ਦੇ ਸ਼ਬਦ ਪ੍ਰਸਾਰਤ ਹੁੰਦੇ। ਮਗਰੇ ਮਗਰ ਪ੍ਰੋਗਰਾਮ ਸ਼ਾਮ ਏ ਗ਼ਜ਼ਲ ਆਉਂਦਾ ਜਿਸ ਚ ਮਹਿਦੀ ਹਸਨ, ਨੂਰ ਜਹਾਂ, ਰੇਸ਼ਮਾਂ, ਪਰਵੇਜ਼ ਮਹਿਦੀ ਤੇ ਗੁਲਾਮ ਅਲੀ ਸਾਹਿਬ ਦੀਆਂ ਗ਼ਜ਼ਲਾਂ ਸੁਣਦਿਆਂ ਸੰਗੀਤ ਚ ਰੁਚੀ ਪੈਦਾ ਹੋ ਗਈ।

ਮਿਰਜ਼ਾ ਗਾਲਿਬ ਦੀ ਉਰਦੂ ਗ਼ਜ਼ਲ ਦਾ ਸੂਫ਼ੀ ਤਬੱਸਮ ਵੱਲੋਂ ਕੀਤਾ ਅਨੁਵਾਦ ਗੁਲਾਮ ਅਲੀ ਸਾਹਿਬ ਨੇ ਕਾਹਦਾ ਗਾਇਆ ਕਿ ਨਿਰਮਲ ਸਿੰਘ ਇਸ ਗ਼ਜ਼ਲ ਤੇ ਕੁਰਬਾਨ ਹੋ ਗਏ। ਗ਼ਜ਼ਲ ਸੀ

ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ
ਆ ਜਾ ਵੇਖ ਮੇਰਾ ਇੰਤਜ਼ਾਰ ਆ ਜਾ।

ਇਸ ਗ਼ਜ਼ਲ ਨੇ ਭਾਈ ਨਿਰਮਲ ਸਿੰਘ ਜੀ ਨੂੰ ਸੁਰ ਸ਼ਬਦ ਸਾਧਨਾ ਦਾ ਸਿਰੜੀ ਸੁਰਵੰਤਾ ਸਪੁੱਤਰ ਬਣਾਇਆ। ਬਾਪ ਦੀ ਇੱਛਾ ਸੀ ਕਿ ਨਿਰਮਲ ਵਾਹੀ ਜੋਤੀ ਚ ਹੱਥ ਵਟਾਵੇ, ਪਰ ਉਸ ਦਾ ਮਨ ਕਿਤੇ ਹੋਰ ਅਟਕਿਆ ਸੀ। ਚਾਚਾ ਭਾਵੇਂ ਸੰਤ ਫ਼ਤਹਿ ਸਿੰਘ ਜੀ ਨਾਲ ਡਰਾਈਵਰ ਤੇ ਸਹਿ ਕੀਰਤਨੀਆ ਸੀ ਪਰ ਭਤੀਜੇ ਨੂੰ ਇਸ ਮਾਰਗ ਤੇ ਤੁਰਨੋਂ ਮੋੜਦਾ ਸੀ। ਸਿਰਫ਼ ਮਾਂ ਸੀ ਜਿਹੜੀ ਸ਼ੌਕ ਦੇ ਘੋੜੇ ਭਜਾਉਣ ਲਈ ਪੁੱਤਰ ਦੀ ਧਿਰ ਬਣੀ।

ਸ਼ਹੀਦ ਸਿੱਖ ਮਿਸ਼ਨਰੀ ਕਾਲਿਜ ਚ ਦਾਖ਼ਲੇ ਦੀ ਇੰਟਰਵਿਊ ਵੇਲੇ ਤੀਕ ਉਸ ਨੂੰ ਗੁਰਬਾਣੀ ਦਾ ਇੱਕ ਵੀ ਸ਼ਬਦ ਨਹੀਂ ਸੀ ਆਉਂਦਾ। ਮਾਹਿਰ ਕਮੇਟੀ ਮੈਂਬਰਾਂ ਨੇ ਜਦ ਸ਼ਬਦ ਸੁਣਾਉਣ ਲਈ ਕਿਹਾ ਤਾਂ ਉਹ ਨਰਿੰਦਰ ਬੀਬਾ ਦੇ ਗੀਤ ਸੁਣਾਉਣ ਲੱਗ ਪਿਆ।

ਚੰਨ ਮਾਤਾ ਗੁਜਰੀ ਦਾ,ਸੁੱਤਾ ਕੰਡਿਆਂ ਦੀ ਸੇਜ ਵਿਛਾਈ।
ਸੀਨੇ ਨਾਲ ਤੇਗ ਲਾ ਲਈ ਜਦੋਂ ਯਾਦ ਪੁੱਤਰਾਂ ਦੀ ਆਈ।

ਕਮੇਟੀ ਮੈਂਬਰ ਜੋਧ ਸਿੰਘ ਰੇਡੀਓ ਵਾਲੇ ਤੇ ਗਿਆਨੀ ਚੇਤ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਬੋਲੇ, ਕਾਕਾ! ਇਹ ਸ਼ਬਦ ਨਹੀਂ, ਗੀਤ ਹੈ।

ਅੱਗਿਉਂ ਨਿਰਮਲ ਸਿੰਘ ਨੇ ਕਿਹਾ, ਸਾਡੇ ਪਿੰਡ ਇਹੀ ਸ਼ਬਦ ਹੁੰਦੇ ਨੇ। ਕਮੇਟੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਬੋਲੇ। ਇਹ ਮੁੰਡਾ ਰੱਖ ਲਵੋ, ਆਵਾਜ਼ ਚੰਗੀ ਹੈ, ਬਣਦਾ ਬਣਦਾ ਬਣ ਜਾਵੇਗਾ। ਦਾਖ਼ਲਾ ਮਿਲ ਗਿਆ ਜਿਸ ਨੂੰ ਪ੍ਰੋ: ਅਵਤਾਰ ਸਿੰਘ ਨਾਜ਼ ਜੀ ਨੇ ਖ਼ੂਬ ਤਰਾਸ਼ਿਆ। ਇਨ੍ਹਾਂ ਕੋਲੋਂ ਹੀ ਮਗਰੋਂ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ ਤੇ ਬਹੁਤ ਸਾਰੇ ਹੋਰ ਟਕਸਾਲੀ ਕੀਰਤਨੀਏ ਪੜ੍ਹੇ।

ਭਾਈ ਨਿਰਮਲ ਸਿੰਘ ਜੀ ਨੇ 1976 'ਚ ਇਥੋਂ ਸਿੱਖਿਆ ਗ੍ਰਹਿਣ ਕਰਕੇ ਪ੍ਰਿੰਸੀਪਲ ਹਰਭਜਨ ਸਿੰਘ ਤੇ ਗਿਆਨੀ ਭਗਤ ਸਿੰਘ ਲੁਧਿਆਣਾ ਵਾਲਿਆਂ ਦੀ ਪ੍ਰੇਰਨਾ ਨਾਲ ਰਿਸ਼ੀਕੇਸ਼ ਸਥਿਤ ਗੁਰਮਤਿ ਮਿਸ਼ਨਰੀ ਕਾਲਿਜ 'ਚ ਸੰਗੀਤ ਵਿਸ਼ਾ ਪੜ੍ਹਾਉਣਾ ਸ਼ੁਰੂ ਕੀਤਾ। ਦਰਬਾਰ ਸਾਹਿਬ ਦੇ ਵਰਤਮਾਨ ਅਤਿ ਸੁਰੀਲੇ ਰਾਗੀ ਭਾਈ ਰਾਏ ਸਿੰਘ ਇਥੇ ਹੀ ਆਪ ਜੀ ਦੇ ਵਿਦਿਆਰਥੀ ਰਹੇ। ਇਥੋਂ ਹੀ ਕੁਝ ਸਮਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਿਜ ਤੇ ਗੁਰਮਤਿ ਮਿਸ਼ਨਰੀ ਕਾਲਿਜ ਬੁੱਢਾ ਜੋਹੜ (ਰਾਜਿਸਥਾਨ) 'ਚ ਪੜ੍ਹਾਇਆ।

1979 'ਚ ਆਪ ਨੂੰ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਦੇ ਸਹਾਇਕ ਰਾਗੀ ਵਜੋਂ ਨਿਯੁਕਤੀ ਮਿਲ ਗਈ,ਜਿੰਨ੍ਹਾਂ ਨੇ ਬਰੇਲ ਲਿਪੀ ਵਿੱਚ ਗੁਰੂ ਗਰੰਥ ਸਾਹਿਬ ਦਾ ਨੇਤਰਹੀਣਾਂ ਲਈ ਸਰੂਪ ਤਿਆਰ ਕੀਤਾ ਹੈ। ਓਪਰੇਸ਼ਨ ਬਲਿਊ ਸਟਾਰ ਵੇਲੇ ਵੀ ਆਪ ਰਾਗੀ ਵਜੋਂ ਦਰਬਾਰ ਸਾਹਿਬ ਵਿਖੇ ਹੀ ਡਿਊਟੀ ਤੇ ਸਨ।

ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਵਜੋਂ ਆਪ ਨੇ ਵਿਸ਼ਵ ਪ੍ਰਸਿੱਧੀ ਹਾਸਲ ਕੀਤੀ। ਸ਼ਾਇਦ ਆਜ਼ਾਦੀ ਮਗਰੋਂ ਲੰਮਾ ਸਮਾਂ ਹਰਿਮੰਦਰ ਸਾਹਿਬ 'ਚ ਲਗਾਤਾਰ ਸਭ ਤੋਂ ਲੰਮਾ ਸਮਾਂ ਕੀਰਤਨ ਕਰਨ ਵਾਲਿਆਂ 'ਚ ਉਨ੍ਹਾਂ ਦਾ ਸ਼ੁਮਾਰ ਹੋਵੇ।

ਉਹ ਸਿਰਫ਼ ਕੀਰਤਨਕਾਰ ਨਹੀਂ ਸਨ, ਚੰਗੇ ਲੇਖਕ ਵੀ ਸਨ। ਸਿੰਘ ਬਰਦਰਜ਼ ਵਾਲੇ ਸ. ਗੁਰਸਾਗਰ ਸਿੰਘ ਨੇ ਉਨ੍ਹਾਂ ਪਾਸੋਂ ਕੀਰਤਨਕਾਰ ਸਿੱਖ ਬੀਬੀਆਂ ਬਾਰੇ ਉਹ ਪੁਸਤਕ ਲਿਖਵਾ ਲਈ ਜਿਸ ਵਿਚੋਂ ਬਹੁਤਾ ਹਿੱਸਾ ਪਹਿਲਾਂ ਵਰਿੰਦਰ ਵਾਲੀਆ ਜੀ ਨੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹੁੰਦਿਆਂ ਉਨ੍ਹਾਂ ਤੋਂ ਲੜੀਵਾਰ ਲਿਖਵਾਇਆ ਸੀ। ਕਿਤਾਬ

ਛਪੀ ਤਾਂ ਉਹ ਮੈਨੂੰ ਆਪ ਲੁਧਿਆਣੇ ਭੇਂਟ ਕਰਨ ਆਏ। ਕਹਿਣ ਲੱਗੇ, ਹੁਣ ਮੈਂ ਵੀ ਤੁਹਾਡੇ ਟੱਬਰ 'ਚ ਸ਼ਾਮਲ ਹੋ ਗਿਆਂ, ਵਰਿੰਦਰ ਤੇ ਗੁਰਸਾਗਰ ਵੀਰਾਂ ਕਰਕੇ। ਪੰਜਾਬੀ ਯੂਨੀਵਰਸਿਟੀ ਨੇ ਵੀ ਉਨ੍ਹਾਂ ਦੀ ਇੱਕ ਪੁਸਤਕ ਪ੍ਰਕਾਸ਼ਿਤ ਕੀਤੀ।

ਭਾਈ ਨਿਰਮਲ ਸਿੰਘ ਖਾਲਸਾ ਦੇ ਅੰਦਰ ਇੱਕ ਮਾਸੂਮ ਪਰਿੰਦਾ ਵੱਸਦਾ ਸੀ। ਬੜੇ ਖੰਭ ਫੜਫੜਾਉਂਦਾ । ਉਹ ਮੂਲ ਰੂਪ 'ਚ ਚਿੱਤੋਂ ਸ਼ਾਸਤਰੀ ਗਾਇਕ ਸਨ। ਗ਼ਜ਼ਲ ਸਮਰਾਟ ਗੁਲਾਮ ਅਲੀ ਸਾਹਿਬ ਨੂੰ ਉਸਤਾਦ ਧਾਰਨ ਪਿੱਛੇ ਵੀ ਇਹੀ ਭਾਵਨਾ ਸੀ। ਉਹ ਪੰਜਾਬੀ ਗ਼ਜ਼ਲ ਗਾਇਕੀ ਕਰਨਾ ਚਾਹੁੰਦੇ ਸਨ ਪਰ ਧਾਰਮਿਕ ਮਰਯਾਦਾ ਹਰ ਵਾਰ ਰਾਹ ਪੱਲ ਖਲੋਂਦੀ। ਚਿਤੋਂ ਦਿਲਦਾਰ ਸਨ।ਪੰਜ ਤਖ਼ਤਾਂ ਤੇ 75 ਮੁਲਕਾਂ 'ਚ ਕੀਰਤਨ ਕਰਨ ਦਾ ਸੁਭਾਗ ਐਵੇਂ ਨਹੀਂ ਮਿਲਦਾ। ਮੇਰੇ ਬੇਟੇ ਪੁਨੀਤਪਾਲ ਸਿੰਘ ਦੀ ਵਿਆਹ ਵਰ੍ਹੇ ਗੰਢ ਤੇ ਉਹ ਸੱਤ ਅੱਠ ਸਾਲ ਪਹਿਲਾਂ ਸਾਡੇ ਘਰ ਨਿਸ਼ਕਾਮ ਕੀਰਤਨ ਕਰਨ ਆਏ ਤਾਂ ਕਹਿਣ ਲੱਗੇ, ਹੁਣ ਵਿਸਾਰਿਉ ਨਾ। ਮੈਂ ਹਰ ਸਾਲ ਆਵਾਂਗਾ। ਪਰ ਉਸ ਮਗਰੋਂ ਸਾਡੇ ਨਸੀਬਾਂ 'ਚ ਉਹ ਪਲ ਪਰਤ ਕੇ ਨਾ ਆ ਸਕੇ।

ਉਨ੍ਹਾਂ ਨਾਲ ਟੈਲੀਫ਼ੋਨ ਤੇ ਘੰਟਾ ਘੰਟਾ ਗੱਲਾਂ ਹੁੰਦੀਆਂ ਰਹਿੰਦੀਆਂ, ਉਹ ਕਈ ਯੋਜਨਾਵਾਂ ਬਣਾਉਂਦੇ ਘੜਦੇ। ਟਕਸਾਲੀ ਕੀਰਤਨ ਲਈ ਉਹ ਨਿਸ਼ਕਾਮ ਸੇਵਕ ਵਜੋਂ ਵਾਲੰਟੀਅਰ ਬਣ ਜਾਂਦੇ। ਸੰਤ ਬਾਬਾ ਸੁੱਚਾ ਸਿੰਘ ਤੇ ਬੀਬੀ ਜਸਬੀਰ ਕੌਰ ਖਾਲਸਾ ਜਵੱਦੀ ਟਕਸਾਲ ਨਾਲ ਉਨ੍ਹਾਂ ਦਾ ਗੂੜ੍ਹਾ ਸਨੇਹ ਸੀ।

ਮੈਨੂੰ ਯਾਦ ਹੈ ਉਨ੍ਹਾਂ ਦੀ ਗਾਈ ਆਸਾ ਦੀ ਵਾਰ ਦਾ ਜਵੱਦੀ ਵਿਖੇ ਗਾਇਨ ਸੁਣਨ ਲਈ ਮੈਂ ਤੇ ਮੇਰਾ ਪਰਿਵਾਰ ਤੜਕ ਸਾਰ ਜਾਗ ਕੇ ਜਾਂਦੇ ਰਹੇ ਹਾਂ। ਇੱਕ ਵਾਰ ਤਾਂ ਮੇਰੇ ਨਾਲ ਸਵੇਰੇ 3.30 ਵਜੇ ਲੁਧਿਆਣੇ ਦੇ ਸਾਬਕਾ ਡਿਪਟੀ ਕਮਿਸ਼ਨਰ ਸ. ਸਰਵਣ ਸਿੰਘ ਚੰਨੀ ਵੀ ਬਿਨਾ ਸੁਰੱਖਿਆ ਕਵਚ ਤੋਂ ਗਏ ਸਨ।

ਭਾਈ ਨਿਰਮਲ ਸਿਘ ਖਾਲਸਾ ਨੂੰ 2009 'ਚ ਜਦ ਪਦਮ ਸ੍ਰੀ ਪੁਰਸਕਾਰ ਮਿਲਿਆ  ਤਾਂ ਮੈਨੂੰ ਟੈਲੀਫ਼ੋਨ ਆਇਆ। ਕਹਿਣ ਲੱਗੇ, ਵੀਰ! ਵਧਾਈਆਂ! ਗੁਰੂ ਰਾਮ ਦਾਸ ਪਾਤਸ਼ਾਹ ਦੇ ਕੂਕਰ ਨੂੰ ਪਦਮਸ੍ਰੀ ਮਿਲ ਰਿਹੈ। ਸ਼ਾਇਦ ਉਹ ਪਹਿਲੇ ਰਾਗੀ ਸਨ ਜਿੰਨ੍ਹਾਂ ਨੂੰ ਇਹ ਆਦਰ ਮਿਲਿਆ ਸਰਕਾਰੇ ਦਰਬਾਰੇ।

ਪਦਮ ਸ੍ਰੀ ਲੈ ਕੇ ਪਰਤੇ ਤਾਂ ਮੇਰੇ ਮਿੱਤਰ ਪਰਮਜੀਤ ਸਿੰਘ ਖਾਲਸਾ ਤੇ ਸਾਥੀਆਂ ਨੇ ਲੁਧਿਆਣੇ ਸਟੇਸ਼ਨ ਤੇ ਪੁੱਜ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਤਿੰਨ ਬੱਚਿਆਂ ਦੇ ਬਾਬਲ ਭਾਈ ਨਿਰਮਲ ਸਿੰਘ ਖਾਲਸਾ ਦਾ ਭਿਆਨਕ ਵਾਇਰਸ ਹੱਥੋਂ ਵਿਛੋੜਾ ਅਕਹਿ ਤੇ ਅਸਹਿ ਹੈ। ਦੁਖਦਾਈ ਇਸ ਕਰਕੇ ਵੀ ਵਧੇਰੇ ਹੈ ਕਿਉਂਕਿ ਉਨ੍ਹਾਂ ਦੀ ਜਾਣ ਦੀ ਉਮਰ ਨਹੀਂ ਸੀ।

ਮੇਰੇ ਸੁਰਵੰਤੇ, ਸਰਾਂਗਲੇ ਸੱਜਣ ਦੇ ਵਿਛੋੜੇ ਨੇ ਹਲੂਣ ਕੇ ਰੱਖ ਦਿੱਤਾ ਹੈ, ਮੈਨੂੰ ਦੁੱਖ ਹੈ ਕਿ 100 ਤੋਂ ਵੱਧ ਆਡਿਉ ਕੈਸਿਟਸ ਰੀਕਾਰਡ ਕਰਨ ਵਾਲਾ, ਰੇਡੀਉ ਤੇ ਟੈਲੀਵੀਜਨ ਦਾ ਏ. ਗਰੇਡ ਕਲਾਕਾਰ ਮੁੜ ਕਦੇ ਸਾਨੂੰ ਨਹੀਂ ਮਿਲ ਸਕੇਗਾ।

ਮੈਨੂੰ ਕਦੇ ਉਨ੍ਹਾਂ ਦਾ ਉਦਾਸ ਟੈਲੀਫ਼ੋਨ ਨਹੀਂ ਸੀ ਆਇਆ। ਸਿਰਫ਼ ਇੱਕੋ-ਵਾਰ ਉਨ੍ਹਾਂ ਮੂੰਹੋਂ ਹਾਉਕਾ ਸੁਣਿਆ। ਉਹ ਵੀ ਉਦੋਂ ਜਦ ਨਾਨਕ ਸ਼ਾਹ ਫ਼ਕੀਰ ਫਿਲਮ 'ਚ ਸ਼ਬਦ ਤੇ ਗੀਤ ਗਾਉਣ ਬਦਲੇ ਸਾਡੇ ਚੌਧਰੀਆਂ ਨੇ ਉਨ੍ਹਾਂ ਖ਼ਿਲਾਫ਼ ਬਿਆਨਬਾਜ਼ੀ ਕੀਤੀ। ਉਹ ਕਹਿਣ ਲੱਗੇ, ਮੇਰੇ ਆਪਣੇ ਹੀ ਵੈਰੀ ਹੋ ਰਹੇ ਨੇ, ਸੱਜਣਾਂ ਦੇ ਭੇਸ 'ਚ ਸ਼ਿਬਲੀ ਮਨਸੂਰ ਨੂੰ ਫੁੱਲ ਮਾਰ ਰਹੇ ਨੇ, ਪੱਥਰਾਂ ਜਹੇ। ਦਿਲ ਟੁੱਟ ਰਿਹੈ! ਮੈਂ ਕਿਹਾ, ਖਾਲਸਾ ਜੀ ਘਬਰਾਉ ਨਾ, ਉੱਚੇ ਬੰਦੇ ਦੀ  ਦਸਤਾਰ ਹੀ ਟਾਹਣੀਆਂ 'ਚ ਉਲਝਦੀ ਹੈ।

ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀਭਾਈ ਬਲਬੀਰ ਸਿੰਘ ਜੀ ਦੀ ਮੌਤ ਦਾ ਸੁਨੇਹਾ ਮਿਲਣ ਤੇ ਵੀ ਉਨ੍ਹਾਂ ਮੇਰੇ ਨਾਲ ਅਫ਼ਸੋਸ ਪ੍ਰਗਟਾਇਆ। ਉਹ ਜਾਣਦੇ ਸਨ ਕਿ ਮੈਂ ਵੀ ਉਨ੍ਹਾਂ ਦਾ ਕਦਰਦਾਨ ਹਾਂ। ਪੂਰਨ ਚੰਦ ਵਡਾਲੀ ਵਾਲਿਆਂ ਦਾ ਇੱਕ ਭਰਾ ਕਰਤਾਰ ਸਿੰਘ ਉਨ੍ਹਾਂ ਨਾਲ ਤਬਲਾ ਵਾਦਕ  ਸੀ, ਮੈਨੂੰ ਇਹ ਔਖਾ ਲੱਗ ਰਿਹੈ ਕਿ ਜਦ ਮੈਂ ਉਸਨੂੰ ਭਾਈ ਸਾਹਿਬ ਤੋਂ ਬਾਦ ਹੁਣ ਕਿਤੇ ਮਿਲਾਂਗਾ ਤਾਂ ਦਰਦਾਂ ਦਾ ਹੜ੍ਹ ਹੰਝੂ ਬਣ ਸਾਨੂੰ ਦੋਹਾਂ ਨੂੰ ਰੋੜ੍ਹ ਦੇਵੇਗਾ। ਕਰ ਬੰਦੇ ਤੂੰ ਬੰਦਗੀ ਸ਼ਬਦ 'ਚ ਉਨ੍ਹਾਂ ਦੇ ਸਹਾਇਕ ਰਾਗੀ ਦਰਸ਼ਨ ਸਿੰਘ ਦੀ ਆਵਾਜ਼ ਇਕੱਲੀ ਰਹਿ ਗਈ ਹੈ।

ਭਾਸ਼ਾ ਵਿਭਾਗ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਰਾਗੀ ਦਾ ਪੁਰਸਕਾਰ ਮਿਲਿਆ ਤਾਂ ਉਹ ਬਹੁਤ ਪ੍ਰਸੰਨ ਹੋਏ ਕਿਉਂਕਿ ਸਰਕਾਰੀ ਪੱਧਰ ਤੇ ਉਨ੍ਹਾਂ ਦੀ ਪਹਿਲੀ ਵਾਰ ਕਦਰ ਕੀਤੀ ਗਈ ਸੀ।

ਭਾਈ ਨਿਰਮਲ ਸਿੰਘ ਖਾਲਸਾ ਜੀ ਦੇ ਜਾਣ ਤੇ ਆਹ ਚਾਰ ਸਤਰਾਂ ਅਚਨਚੇਤ ਹੀ ਮੂੰਹੋਂ ਨਿਕਲ ਗਈਆਂ

ਮਹਿਕਵੰਤ ਸੁਰਸਾਗਰ ਪੂਰਾ, ਨਿਰਮਲ ਵੀਰ ਉਦਾਸ ਕਰ ਗਿਆ।
ਅੰਮ੍ਰਿਤ ਵੇਲੇ ਪਾਟੀ ਚਿੱਠੀ, ਕੌਣ ਬਨੇਰੇ ਆਣ ਧਰ ਗਿਆ।
ਸਾਰੀ ਉਮਰ ਬਿਤਾਈ ਜਿਸ ਨੇ, ਗੁਰਚਰਨਾਂ ਦੀ ਪ੍ਰੀਤੀ ਅੰਦਰ,
ਸੱਜਣ ਦੇ ਤੁਰ ਜਾਣ ਤੇ ਲੱਗਿਆ, ਸੁਰ ਦੀ ਖ਼ਾਲੀ ਧਰਤ ਕਰ ਗਿਆ।

---

# ਸਿੱਖ ਕੌਮ ਦੀ ਸਤਿਕਾਰਤ ਹਸਤੀ ਵਿਲੱਖਣ ਪ੍ਰਤਿਭਾ ਪਦਮਸ਼੍ਰੀ ਭਾਈ ਨਿਰਮਲ ਸਿੰਘ ਖ਼ਾਲਸਾ

ਡਾ. ਏ ਪੀ ਸਿੰਘ 'ਰਿਦਮ,

ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਦਾ ਵਿਵਹਾਰਿਕ ਪ੍ਰਤੱਖਣ ਸ੍ਰੀ ਹਰਿਮੰਦਰ ਸਾਹਿਬ ਦੀ ਅੱਠ-ਪਹਿਰੀਂ ਕੀਰਤਨ ਮਰਿਆਦਾ ਤੋਂ ਹੋ ਰਿਹਾ ਹੈ। ਇਸ ਅਸਥਾਨ 'ਤੇ ਨਿੱਤਨੇਮ ਵਜੋਂ ਕੀਰਤਨ ਚੌਕੀ ਦਾ ਆਰੰਭ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤਾ ਗਿਆ। ਇਸ ਅਸਥਾਨ 'ਤੇ ਭਾਈ ਸੱਤਾ ਤੇ ਭਾਈ ਬਲਵੰਡ ਨੂੰ ਗੁਰੂ ਸਾਹਿਬ ਦੇ ਸਨਮੁੱਖ ਬੈਠ 'ਕੇ ਕੀਰਤਨ ਦੀ ਹਾਜ਼ਰੀ ਭਰਨ ਦਾ ਅਵਸਰ ਪ੍ਰਦਾਨ ਹੁੰਦਾ ਰਿਹਾ ਹੈ। ਇਸੇ ਹੀ ਅਸਥਾਨ 'ਤੇ ਗੁਰੂ ਘਰੋਂ ਵਰੋਸਾਏ ਭਾਈ ਨਿਰਮਲ ਸਿੰਘ ਖ਼ਾਲਸਾ, ਹਜ਼ੂਰੀ ਰਾਗੀ ਵਜੋਂ ਕੀਰਤਨ ਦੀ ਹਾਜ਼ਰੀ ਭਰਦੇ ਰਹੇ ਹਨ। ਭਾਈ ਸਾਹਿਬ ਅਕਸਰ ਕਿਹਾ ਕਰਦੇ ਸਨ, ਕਿ ਗੁਰੂ ਦੀ ਇਸ ਬਖ਼ਸ਼ੀਸ਼ ਅੱਗੇ ਤਾਂ ਮੇਰਾ ਮਸਤਕ ਝੁਕ ਝੁਕ ਜਾਂਦਾ ਹੈ ਅਤੇ ਦੁਨੀਆ ਦੇ ਸਾਰੇ ਸਨਮਾਨ ਬੌਣੇ ਲਗਦੇ ਹਨ। ਆਪ ਦੀ ਬਾਣੀ ਪ੍ਰਤਿ ਸੂਝ, ਵਿਲੱਖਣ ਰਾਗਾਤਮਿਕ ਪ੍ਰਤਿਭਾ ਅਤੇ ਮੌਲਿਕ ਸ਼ਬਦ ਗਾਇਣ ਸ਼ੈਲੀ ਨੇ ਵਿਸ਼ਵ ਵਿਚ ਸਿੱਖ ਸੰਗੀਤਕਾਰਾਂ ਦੀ ਸਤਿਕਾਰਯੋਗ ਪਛਾਣ ਵਿਚ ਚੋਖਾ ਵਾਧਾ ਕੀਤਾ ਅਤੇ ਸਿੱਖ ਗੁਰੂ ਸਾਹਿਬਾਨ ਵੱਲੋਂ ਵਰੋਸਾਈ ਇਸ ਵਿਰਾਸਤ ਨੂੰ ਵਿਸ਼ਵ ਸਾਹਮਣੇ ਉਜਾਗਰ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ।

ਭਾਈ ਸਾਹਿਬ ਅਕਸਰ ਪੜ੍ਹਾਈ ਲਈ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਦਾਖਲਾ ਲੈਣ ਸਬੰਧੀ ਕੀਤੀ ਗਈ ਘਾਲਣਾ ਦੀ ਜਾਣਕਾਰੀ ਸਭ ਨਾਲ ਸਾਂਝੀ ਕਰਿਆ ਕਰਦੇ ਸਨ। ਉਨ੍ਹਾਂ ਦੀ ਤਪੱਸਿਆ ਰੰਗ ਲਿਆਈ ਅਤੇ ਭਾਈ ਸਾਹਿਬ ਨੂੰ ਉਸਤਾਦ ਦਾ ਆਸ਼ੀਰਵਾਦ ਅਤੇ ਸ਼ਾਬਾਸ਼ ਨਿਰੰਤਰ ਮਿਲਦੀ ਰਹੀ। ਭਾਈ ਨਿਰਮਲ ਸਿੰਘ ਖ਼ਾਲਸਾ ਨੇ ਵਿੱਦਿਆਰਥੀ ਜੀਵਨ ਵਿਚ ਉਸਤਾਦ ਦੁਆਰਾ ਰੋਜ਼ਾਨਾ ਦੀ ਕਲਾਸ ਵਿਚ ਦਿੱਤੇ ਗਏ ਸਬਕ ਨੂੰ ਕਰੜੇ ਰਿਆਜ਼ ਦੀ ਕਸਵੱਟੀ ਚੜ੍ਹਾਉਂਦਿਆਂ, ਸੁਰ ਲਗਾਓ ਅਤੇ ਬਾਣੀ ਦੇ ਸ਼ੁੱਧ ਉੱਚਾਰਨ ਵਿਚ ਮੁਹਾਰਤ ਹਾਸਲ ਕੀਤੀ ਹੈ। ਆਪ ਸਾਰਾ ਸਾਰਾ ਦਿਨ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਰਿਆਜ਼ ਕਰਦੇ ਰਹਿੰਦੇ। ਸਾਰੇ ਸ਼ਬਦਾਂ ਨੂੰ ਕੰਠ ਕਰਨਾ। ਸੁਰ ਅਭਿਆਸ ਲਈ ਵੱਖਰਾ ਸਮਾਂ ਰੱਖਣਾ। ਸ਼ਬਦ ਰੀਤ ਯਾਦ ਕਰਨ ਲਈ ਵਿਸ਼ੇਸ਼ ਯਤਨ ਕਰਨੇ ਅਤੇ ਹਮੇਸ਼ਾ ਸੰਗੀਤ ਕਲਾਸ ਵਿਚ ਮੋਹਰੀ ਹੋ ਕੇ ਬੈਠਣਾ। ਆਪ ਵਿਚ ਉਸਤਾਦ ਦੁਆਰਾ ਦਿੱਤੀ ਜਾ ਰਹੀ ਤਾਲੀਮ ਨੂੰ ਗ੍ਰਹਿਣ ਕਰਨ ਦੀ ਤਾਂਘ ਲੱਗੀ ਰਹਿੰਦੀ ਸੀ। ਫਲਸਰੂਪ ਆਪ ਇਕ ਹੋਣਹਾਰ ਸ਼ਾਗਿਰਦ ਵਿਦਿਆਰਥੀ, ਸਫਲ ਅਧਿਆਪਕ ਅਤੇ ਸਤਿਕਾਰਤ ਕੀਰਤਨੀਏ ਵਜੋਂ ਵਿਸ਼ਵਭਰ ਵਿਚ ਜਾਣੇ ਗਏ। ਗੁਰਮਤਿ ਮਿਸ਼ਨਰੀ ਕਾਲਜ

ਅੰਮ੍ਰਿਤਸਰ ਵਿਖੇ ਸੰਗੀਤ ਦੀ ਤਾਲੀਮ ਉਪਰੰਤ ਆਪ ਵਿਸ਼ਵ ਪ੍ਰਸਿੱਧ ਗ਼ਜ਼ਲ ਸਮਰਾਟ ਉਸਤਾਦ ਗ਼ੁਲਾਮ ਅਲੀ ਖਾਂ ਸਾਹਿਬ, ਲਾਹੌਰ ਦੇ ਗੰਡਾਬਧ ਸ਼ਾਗਿਰਦ ਹੋ ਗਏ। ਆਪ ਨੇ ਗ਼ੁਲਾਮ ਅਲੀ ਖਾਂ ਸਾਹਿਬ ਦੀ ਗਾਇਕੀ ਨੂੰ ਐਨਾ ਆਤਮਸਾਤ ਕੀਤਾ ਹੈ ਕਿ ਆਪ ਦੀ ਗਾਇਣ ਵਿਚ ਖਾਂ ਸਾਹਿਬ ਦੀ ਝਲਕ ਦਾ ਪ੍ਰਤੱਖਣ ਸਹਿਜੇ ਹੀ ਹੁੰਦਾ ਰਹਿੰਦਾ ਹੈ। ਆਪਣੇ ਉਸਤਾਦ ਨਾਲ ਰੂਹ ਅਤੇ ਸੰਗੀਤ ਦੇ ਪਟਲ 'ਤੇ ਇਕਮਿਕ ਹੋ ਕੇ ਭਾਈ ਨਿਰਮਲ ਸਿੰਘ ਨੇ ਵਰਤਮਾਨ ਕੀਰਤਨ ਕਾਰਾਂ ਵਿਚ ਆਪਣਾ ਨਿਵੇਕਲਾ ਸਥਾਨ ਬਣਾ ਲਿਆ ਹੈ। ਜਿੱਥੇ ਵਿਸ਼ਵਭਰ ਦੀਆਂ ਸੰਗਤਾਂ ਆਪ ਨੂੰ ਸਤਿਕਾਰਦੀਆਂ ਅਤੇ ਪਿਆਰਦੀਆਂ ਹਨ, ਉੱਥੇ ਸੰਗੀਤ ਦੇ ਹਵਾਲੇ ਤੋਂ ਆਪ ਨਾ ਸਨੇਹ ਰੱਖਣ ਵਾਲੇ ਵਿਅਕਤੀਆਂ ਦੀ ਵੀ ਘਾਟ ਨਹੀਂ ਹੈ। ਇਸ ਦੀ ਇਕ ਤਾਜ਼ਾ ਮਿਸਾਲ ਪਾਠਕਾਂ ਨਾਲ ਸਾਂਝੀ ਕਰ ਰਿਹਾ ਹਾਂ। ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਬਸੰਤ ਕੀਰਤਨ ਦਰਬਾਰ ਚੋਂ ਜਦ ਭਾਈ ਸਾਹਿਬ ਬਾਹਰ ਆਏ ਤਾਂ ਇਕ ਸੰਗੀਤ ਸੇਵੀ ਨੇ ਆਪ ਨੂੰ 'ਸਿੱਖਾਂ ਦਾ ਗ਼ੁਲਾਮ ਅਲੀ' ਕਹਿ ਕੇ ਸੰਬੋਧਨ ਕੀਤਾ।

ਭਾਈ ਨਿਰਮਲ ਸਿੰਘ ਖ਼ਾਲਸਾ ਦੀ ਗਾਇਣ ਸ਼ੈਲੀ ਵਿਚ ਜਿੱਥੇ ਪਰੰਪਰਾਗਤ ਸ਼ਬਦ ਕੀਰਤਨ ਦੇ ਤੱਤ ਮਿਲਦੇ ਹਨ, ਉੱਥੇ ਬਾਣੀ ਦੇ ਸ਼ੁੱਧ ਉਚਾਰਨ ਅਤੇ ਰਾਗਦਾਰੀ ਦੇ ਨਾਲ ਨਾਲ ਹਿੰਦੁਸਤਾਨੀ ਸੰਗੀਤ ਦੀਆਂ ਅਰਧ ਸ਼ਾਸਤਰੀ ਗਾਇਣ ਸ਼ੈਲੀਆਂ ਦਾ ਸਮਾਵੇਸ਼ ਵੀ ਝਲਕਦਾ ਹੈ। ਆਪ ਦੀ ਕੀਰਤਨ ਸ਼ੈਲੀ ਵਿਚ ਖ਼ਿਆਲ ਗਾਇਣ, ਗ਼ਜ਼ਲ ਗਾਇਣ, ਠੁਮਰੀ ਗਾਇਣ ਦੇ ਨਾਲ ਨਾਲ ਪਰੰਪਰਾਗਤ ਸ਼ਬਦ ਕੀਰਤਨ ਸ਼ੈਲੀ ਦਾ ਸੁੰਦਰ ਸਮਾਵੇਸ਼ ਮਿਲਦਾ ਹੈ, ਜੋ ਆਪ ਨੂੰ ਉੱਚਕੋਟੀ ਦੇ ਕੀਰਤਨਕਾਰ ਅਤੇ ਉਸਤਾਦ ਸੰਗੀਤਕਾਰ ਦੇ ਰੂਪ ਵਿਚ ਪ੍ਰਗਟਾਉਂਦਾ ਹੈ। ਆਪ ਦੁਆਰਾ ਕੀਰਤਨ ਪ੍ਰਸਤੁਤੀਆਂ ਵਿਚ ਰਾਗ ਦੇ ਵੱਖ ਵੱਖ ਅੰਗਾਂ ਨੂੰ ਉਜਾਗਰ ਕਰਦੇ ਹੋਏ, ਪਟਿਆਲਾ ਘਰਾਣੇ ਦੀ ਗਾਇਕੀ ਦੇ ਲੱਛਣਾਂ ਸਹਿਤ ਸ਼ਬਦ ਰੀਤ ਦੇ ਮੁਖੜੇ ਨੂੰ ਲੈਅ, ਤਾਲ ਅਤੇ ਰਾਗਾਤਮਿਕ ਵਿਭਿੰਨਤਾਵਾਂ ਸਹਿਤ ਗਾਇਣ ਕਰਨਾ, ਆਪ ਦੀ ਉੱਚ ਸੰਗੀਤਿਕ ਪ੍ਰਤਿਭਾ ਦਾ ਪ੍ਰਤੀਕ ਹੈ।

ਗੁਰਮਤਿ ਸੰਗੀਤ ਪਰੰਪਰਾ ਦੇ ਵਾਰਸ ਭਾਈ ਨਿਰਮਲ ਸਿੰਘ ਖ਼ਾਲਸਾ ਨੇ ਗੁਰਮਤਿ ਕਾਲਜ, ਰਿਸ਼ੀ ਕੇਸ਼ ਅਤੇ ਸੰਤ ਬਾਬਾ ਫ਼ਤਿਹ ਸਿੰਘ ਸੰਤ ਚੰਨਣ ਸਿੰਘ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਬੁਢਾਜੋਹੜ ਗੰਗਾਨਗਰ ਵਿਖੇ ਸੰਗੀਤ ਅਧਿਆਪਕ ਵਜੋਂ ਕਾਰਜ ਕਰਦਿਆਂ ਸੈਂਕੜੇ ਵਿਦਿਆਰਥੀਆਂ ਨੂੰ ਇਸ ਵਿੱਦਿਆ ਨਾਲ ਜੋੜਿਆ ਹੈ। ਇਸ ਉਪਰੰਤ ਆਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਜ਼ੂਰੀ ਰਾਗੀ ਵਜੋਂ ਸਿੱਖ ਸੰਗਤਾਂ ਦੇ ਸੇਵਾ ਕਰਦੇ ਆ ਰਹੇ ਹਨ। ਆਪ ਦੀ ਕੀਰਤਨ ਸ਼ੈਲੀ 'ਤੇ ਭਾਈ ਬਖ਼ਸ਼ੀਸ਼ ਸਿੰਘ, ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਮੋਹਨ ਪਾਲ ਸਿੰਘ, ਭਾਈ ਪ੍ਰਿਥੀਪਾਲ ਸਿੰਘ ਅਤੇ ਭਾਈ ਸਰਮੁਖ ਸਿੰਘ ਦੀ ਗਾਇਣ ਸ਼ੈਲੀ ਦਾ ਪ੍ਰਭਾਵ ਹੈ।

ਸ਼ਬਦ ਕੀਰਤਨ ਪੇਸ਼ਕਾਰੀਆਂ ਦੇ ਨਾਲ ਨਾਲ ਗੁਰਮਤਿ ਸੰਗੀਤ ਧਰੋਹਰ ਦੀ ਵਿਸ਼ਵ ਪੱਧਰੀ ਪਛਾਣ ਸਥਾਪਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਿਆਂ ਭਾਈ ਨਿਰਮਲ ਸਿੰਘ ਵੱਲੋਂ 100 ਤੋਂ ਵੱਧ ਖੋਜ ਲੇਖ ਵਿਭਿੰਨ ਮੈਗਜ਼ੀਨਾਂ, ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪਵਾਏ ਗਏ ਹਨ, ਜਿਨ੍ਹਾਂ ਨਾਲ ਸਿੱਖ ਸੰਗਤਾਂ ਆਪਣੇ ਅਮੀਰ ਵਿਰਸੇ ਤੋਂ ਜਾਣੂ ਹੋਈਆਂ ਹਨ ਅਤੇ ਵਿਸ਼ਵਾਸ ਦੇ ਸੰਗੀਤ ਪ੍ਰੇਮੀਆਂ ਵਿਚ ਸਿੱਖ ਸੰਗੀਤਕਾਰਾਂ ਦੀ ਪਛਾਣ ਸਥਾਪਤ ਹੋਈ ਹੈ। ਆਪ ਜਦੋਂ ਵੀ ਮਿਲਦੇ ਤਾਂ ਤਾਂ ਗੁਰੂ ਘਰ ਦੀ ਕੀਰਤਨ ਪਰੰਪਰਾ ਵਿੱਚ ਨਿਖਾਰ ਲਿਆਉਣ ਅਤੇ ਕੀਰਤਨੀਆਂ ਦੀ ਗੁਣਵੱਤਾ ਵਧਾਉਣ ਸਬੰਧੀ ਚਰਚਾ ਕਰਦੇ। ਭਾਈ ਸਾਹਿਬ ਨੇ ਜਿੱਥੇ ਸ਼ਬਦ ਕੀਰਤਨ ਰਾਹੀਂ ਵਿਸ਼ਵਭਰ ਦੀਆਂ ਸਿੱਖ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਿਆ ਜਾ ਰਿਹਾ ਹੈ, ਉੱਥੇ ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ ਕਾਰਜਸ਼ੀਲ ਕੀਰਤਨੀ ਵੀਰਾਂ ਅਤੇ ਬੀਬੀਆਂ ਨੂੰ ਉਤਸ਼ਾਹਿਤ ਕਰਦਿਆਂ ਉਨ੍ਹਾਂ ਦੇ ਕਾਰਜਾਂ ਨੂੰ ਸੰਗਤਾਂ ਸਾਹਵੇਂ ਲਿਆਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ[ ਆਪ ਦੁਆਰਾ ਕੀਰਤਨੀਆਂ ਦੀਆਂ ਘਾਲਨਾਵਾਂ ਨੂੰ ਸੰਗਤਾਂ ਸਾਹਵੇਂ ਲਿਆਉਣ ਦੇ ਯਤਨਾਂ ਵਜੋਂ ਉਨ੍ਹਾਂ ਨੇ ਪੰਜਾਬੀ ਟ੍ਰਿਬਿਊਨ ਵਿੱਚ ਇਕ ਸਪਤਾਹਿਕ ਲੇਖ ਲੜੀ ਆਰੰਭ ਕੀਤੀ, ਜਿਸ ਵਿੱਚ ਆਪ ਦੁਆਰਾ ਕੀਰਤਨੀਆਂ ਦੀਆਂ ਘਾਲਨਾਵਾਂ ਨੂੰ ਸੰਗਤਾਂ ਸਾਹਵੇਂ ਲਿਆਉਣ ਦੇ ਯਤਨਾਂ ਵਜੋਂ ਉਨ੍ਹਾਂ ਨੇ ਪੰਜਾਬੀ ਟ੍ਰਿਬਿਊਨ ਵਿਚ ਇਕ ਸਪਤਾਹਿਕ ਲੇਖ ਲੜੀ ਆਰੰਭ ਕੀਤੀ, ਜਿਸ ਵਿਚ ਗੁਰੂ ਘਰ ਦੇ ਕੀਰਤਨੀਆਂ ਨਾਲ ਇੰਟਰਵਿਊ ਕਰਨ ਉਪਰੰਤ ਖੋਜ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਉਪਰੰਤ ਭਾਈ ਸਾਹਿਬ ਨੇ

ਇਕੱਤਰ ਕੀਤੇ ਵੇਰਵਿਆਂ ਨੂੰ ਪੁਸਤਕ ਰੂਪ ਵਿਚ ਤਿਆਰ ਕਰ 'ਕੇ 'ਗੁਰਮਤਿ ਸੰਗੀਤ ਦੇ ਅਨਮੋਲ ਰਤਨ' ਵਜੋਂ ਪ੍ਰਕਾਸ਼ਿਤ ਕਰਵਾਈ। ਆਪ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੀਬੀਆਂ ਨੂੰ ਕੀਰਤਨ ਦੀ ਹਾਜ਼ਰੀ ਭਰਨ ਦੀ ਆਗਿਆ ਦੇਣ ਸਬੰਧੀ ਵੀ ਯਤਨਸ਼ੀਲ ਸਨ। ਇਸ ਸਬੰਧੀ ਆਪ ਦੁਆਰਾ ਵੱਖ ਵੱਖ ਅਧਿਕਾਰੀਆਂ ਨਾਲ ਸਮੇਂ ਸਮੇਂ ਵਾਰਤਾ ਕੀਤੀ ਜਾਂਦੀ ਰਹੀ। ਜਦੋਂ ਵੀ ਕਿਸੇ ਨਾਲ ਗਲ ਕਰਦੇ ਤਾਂ ਇਹੋ ਜਵਾਬ ਮਿਲਦਾ ਕਿ ਬੀਬੀਆਂ ਦੇ ਜਥੇ ਬਹੁਤ ਘੱਟ ਹਨ। ਪਹਿਲਾਂ ਬੀਬੀਆਂ ਦੀ ਕੀਰਤਨ ਸਿੱਖਲਾਈ ਦੇ ਯਤਨ ਹੋਣੇ ਚਾਹੀਦੇ ਹਨ। ਆਪ ਨੇ ਵਿਸ਼ਵਭਰ ਵਿਚ ਕੀਰਤਨ ਕਰ ਰਹੀਆਂ ਬੀਬੀਆਂ ਦੀ ਖੋਜ ਆਰੰਭੀ ਅਤੇ ਪੰਜਾਬੀ ਟ੍ਰਿਬਿਊਨ ਵਿਚ ਇਕ ਵਿਸ਼ੇਸ਼ ਲੜੀ ਆਰੰਭੀ। ਇਸ ਲੜੀ ਅਧੀਨ ਪ੍ਰਕਾਸ਼ਿਤ ਲੇਖਾਂ ਨੂੰ ਇਕੱਤਰ ਕਰਦੇ ਹੋਏ ਭਾਈ ਸਾਹਿਬ ਵੱਲੋਂ ਸਿੰਘ ਬ੍ਰਦਰਜ਼ ਅੰਮ੍ਰਿਤਸਰ ਦੇ ਸਹਿਯੋਗ ਨਾਲ 'ਪ੍ਰਸਿੱਧ ਕੀਰਤਨਕਾਰ ਬੀਬੀਆਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ।

ਦੇਸ਼ ਵਿਦੇਸ਼ ਦੀਆਂ ਪ੍ਰਮੁੱਖ ਰਿਕਾਰਡਿੰਗ ਕੰਪਨੀਆਂ ਵੱਲੋਂ ਆਪ ਦੀ ਆਵਾਜ਼ ਵਿਚ ਲਗਭਗ 55 ਆਡੀਓ ਵੀਡੀਓ ਰਿਕਾਰਡਿੰਗਾਂ ਰੀਲੀਜ਼ ਕੀਤੀਆਂ ਜਾ ਚੁੱਕੀਆਂ ਹਨ। ਭਾਰਤ ਦੀਆਂ ਪ੍ਰਮੁੱਖ ਰਿਕਾਰਡਿੰਗ ਕੰਪਨੀਆਂ ਟੀ-ਸੀਰੀਜ਼, ਮਿਊਜ਼ਿਕ-ਟੂਡੇ, ਮਿਊਜ਼ਿਕ-ਮੈਮੋਰੀਜ਼, ਟਿਪਸ, ਫਾਈਨ-ਟੱਚ, ਸਾਗਾ ਆਦਿ ਦੁਆਰਾ ਆਪ ਦੀ ਆਵਾਜ਼ ਵਿਚ ਸੀ.ਡੀ., ਵੀ.ਸੀ.ਡੀ., ਡੀ.ਵੀ.ਡੀ. ਅਤੇ ਐਮ.ਪੀ. ਫਾਰਮੇਟ 'ਤੇ ਰਿਕਾਰਡਿੰਗ ਉਪਲਬਧ ਕਰਵਾਈ ਜਾ ਰਹੀ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਆਸਾ ਦੀ ਵਾਰ ਦੀ ਕੀਰਤਨ ਚੌਕੀ ਦਾ ਵਿਸ਼ੇਸ਼ ਮਹੱਤਵ ਹੈ। ਇਸ ਦਾ ਪ੍ਰਚਲਣ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲਿਆ ਆ ਰਿਹਾ ਹੈ। ਆਸਾ ਦੀ ਵਾਰ ਲਾਉਣੀ ਸਾਰੇ ਕੀਰਤਨੀਆਂ ਦੇ ਵੱਸ ਵਿਚ ਨਹੀਂ ਹੈ। ਤਿੰਨ ਘੰਟੇ ਦੀ ਚੌਕੀ ਵਿਚ ਸਮੁੱਚੀ ਆਸਾ ਦੀ ਵਾਰ ਅਤੇ ਇਸ ਨਾਲ ਢੁਕਵੇਂ ਸ਼ਬਦ ਕੰਠ ਕਰ ਕੇ ਗਾਇਣ ਕਰਨਾ, ਅਕਾਲ ਪੁਰਖ ਦੀ ਬਖ਼ਸ਼ੀਸ਼ ਤੋਂ ਬਗੈਰ ਸੰਭਵ ਨਹੀਂ ਹੈ। ਭਾਈ ਨਿਰਮਲ ਸਿੰਘ ਖ਼ਾਲਸਾ ਦੀ ਵਿਲੱਖਣਤਾ ਅਤੇ ਵਿਸ਼ਵ ਪ੍ਰਸਿੱਧੀ ਦਾ ਅੰਦਾਜ਼ਾ ਇਸ ਤੱਥ ਤੋਂ ਸਹਿਜੇ ਲਗਾਇਆ ਜਾ ਸਕਦਾ ਹੈ ਕਿ ਆਪ ਦੀ ਆਵਾਜ਼ ਵਿਚ ਰਿਕਾਰਡ ਕੀਤੀ ਗਈ ਆਸਾ ਦੀ ਵਾਰ ਦੀਆਂ 50,00,000 ਤੋਂ ਵੱਧ ਕੈਸੇਟਾਂ ਵਿਕ ਚੁੱਕੀਆਂ ਹਨ, ਜੋ ਕਿ ਆਪਣੇ ਆਪ ਵਿਚ ਇਕ ਇਤਿਹਾਸਕ ਪ੍ਰਾਪਤੀ ਹੈ। ਇਹ ਪ੍ਰਾਪਤੀ ਭਾਈ ਸਾਹਿਬ ਦੇ ਵਿਸ਼ਵਭਰ ਵਿਚ ਫੈਲੇ ਸ਼ੁੱਭਚਿੰਤਕਾਂ ਅਤੇ ਸਰਪ੍ਰਸਤਾਂ ਲਈ ਬੜੇ ਹੀ ਮਾਣ ਦਾ ਸਬੱਬ ਹੈ। ਕਿਸੇ ਵੀ ਕੰਪਨੀ ਜਾਂ ਰਾਗੀ ਜਥੇ ਦੁਆਰਾ ਗਾਇਣ ਕੀਤੀ ਗਈ ਆਸਾ ਦੀ ਵਾਰ ਦੀਆਂ ਇਤਨੇ ਘੱਟ ਸਮੇਂ ਵਿਚ ਐਨੀਆਂ ਕਾਪੀਆਂ ਦਾ ਵਿਤਰਨ ਪਹਿਲੀ ਵੇਰ ਸੰਭਵ ਹੋ ਸਕਿਆ ਹੈ।

ਆਪ ਦੀ ਸੇਵਾ ਦੇ ਸਨਮਾਨ ਵਜੋਂ ਆਪ ਨੂੰ ਮਿਲੇ ਅਨੇਕਾਂ ਐਵਾਰਡਾਂ, ਪੁਰਸਕਾਰਾਂ ਵਿਚੋਂ ਗੁਰੂ ਰਾਮਦਾਸ ਗੁਰਪੁਰਬ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਕੀਰਤਨੀਆਂ ਐਵਾਰਡ 1990, ਜਵੱਦੀ ਟਕਸਾਲ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ 1991-94. ਇੰਡੀਅਨ ਮਿਊਜ਼ੀਕਲ ਇੰਡਸਟਰੀ ਬੰਬਈ ਵੱਲੋਂ ਦੀਵਾ ਨੈਸ਼ਨਲ ਐਵਾਰਡ 1994, ਫ਼ਤਿਹ ਜੰਗ ਫ਼ਿਰੋਜ਼ਪੁਰ ਵੱਲੋਂ ਗੋਲਡ ਮੈਡਲ ਅਤੇ ਸ਼੍ਰੋਮਣੀ ਰਾਗੀ ਐਵਾਰਡ 1999, ਭਾਈ ਮਰਦਾਨਾ ਸ਼ਰੋਮਣੀ ਸੋਸਾਇਟੀ ਵੱਲੋਂ ਭਾਈ ਮਰਦਾਨਾ ਐਵਾਰਡ 2000. ਯੂਨਾਈਟਿਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਸਿਫ਼ਤੀ ਐਵਾਰਡ 2003, ਇੰਸਟੀਚਿਊਟ ਆਫ਼ ਗੁਰਮਤਿ ਸਟੱਡੀਜ਼ ਲਾਸ ਐਂਜਲਸ ਯੂਐਸਏ ਵੱਲੋਂ ਭਾਈ ਮਰਦਾਨਾ ਐਵਾਰਡ 2004, ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ 2011, ਸ਼ਰੋਮਣੀ ਸ੍ਰੀ ਦਮਦਮਾ ਸਾਹਿਬ ਵੱਲੋਂ ਸ਼੍ਰੋਮਣੀ ਰਾਗੀ ਐਵਾਰਡ 2006 ਸ਼ਰੋਮਣੀ ਵਰਨਣਯੋਗ ਹਨ। ਭਾਈ ਸਾਹਿਬ ਦੁਆਰਾ ਸਿੱਖ ਗੁਰੂ ਸਾਹਿਬਾਂ ਵੱਲੋਂ ਵਰੋਸਾਈ ਗਈ ਗੁਰਮਤਿ ਸੰਗੀਤ ਵਿਰਾਸਤ ਦੇ ਪ੍ਰਚਾਰ ਹਿਤ ਅਣਥੱਕ ਯਤਨ ਕੀਤੇ ਗਏ, ਜਿਨ੍ਹਾਂ ਦੇ ਸਿੱਟੇ ਵਜੋਂ ਆਪ ਨੂੰ ਭਾਰਤ ਸਰਕਾਰ ਦੁਆਰਾ ਆਪ ਨੂੰ 2009 ਲਈ ਸਿਵਲ ਸਨਮਾਨਾਂ ਦੀ ਸਿਰਮੌਰ ਲੜੀ ਦਾ 'ਪਦਮਸ਼੍ਰੀ' ਐਵਾਰਡ ਦੇ ਕੇ ਸਨਮਾਨਿਆ। ਇਹ ਸਨਮਾਨ ਪ੍ਰਾਪਤ ਕਰਨ ਵਾਲੇ ਆਪ ਪਹਿਲੇ ਸਿੱਖ ਕੀਰਤਨਕਾਰ ਸਨ।

ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਗੁਰੂ ਘਰ ਦੀ ਕੀਰਤਨ ਪਰੰਪਰਾ ਦੇ ਪ੍ਰਚਾਰ ਵਿਚ ਲਗਾਇਆ। ਆਪ ਸੰਖੇਪ ਬਿਮਾਰੀ ਉਪਰੰਤ ਮਿਤੀ 2 ਅਪ੍ਰੈਲ 2020 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ।

# ਮਹਾਨ ਸੰਗੀਤਕਾਰ ਕੀਰਤਨੀਏ ਭਾਈ ਨਿਰਮਲ ਸਿੰਘ ਖਾਲਸਾ

**ਵਿਜੇ ਕੁਮਾਰ ਸ਼ੈਰੀ**

ਸ਼ਬਦ ਕੀਰਤਨ ਸਿੱਖੀ ਜੀਵਨ ਦਾ ਅਭਿੰਨ ਅੰਗ ਹੈ। ਗੁਰੂ ਘਰਾਂ ਵਿਚ ਗੁਰਮਤਿ ਸੰਗੀਤਕਾਰਾਂ ਅਤੇ ਕੀਰਤਨੀਆਂ ਦਾ ਸਨਮਾਨਯੋਗ ਸਥਾਨ ਰਿਹਾ ਹੈ। ਇਸ ਵਿਰਸੇ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਖ ਵੱਖ ਸ਼ਖਸੀਅਤਾਂ ਨੇ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਜਿਸ ਕਰਕੇ ਅੱਜ ਸਿੱਖ ਕੌਮ ਪੂਰੀ ਦੁਨੀਆਂ ਵਿਚ ਆਪਣੀ ਵਿਲੱਖਣਤਾ ਲਈ ਜਾਂਦੀ ਹੈ ਇਨ੍ਹਾਂ ਸ਼ਖਸੀਅਤਾਂ ਵਿੱਚੋਂ ਇਕ ਸਨ ਭਾਈ ਨਿਰਮਲ ਸਿੰਘ ਖਾਲਸਾ ਜੀ, ਜਿਨਾਂ ਨੇ ਆਪਣਾ ਸਮੁ'ਚਾ ਜੀਵਨ ਸ਼ਬਦ ਕੀਰਤਨ ਪਰੰਪਰਾ ਦੇ ਪਰਚਾਰ ਵਿਚ ਲਾਇਆ ਅਤੇ ਗੁਰਮਤਿ ਸੰਗੀਤ ਦੇ ਇਤਿਹਾਸ ਵਿਚ ਇਕ ਸਨਮਾਨਯੋਗ ਸਥਾਨ ਦੁਆਇਆ ਭਾਈ ਨਿਰਮਲ ਸਿੰਘ ਖਾਲਸਾ ਜੀ ਦਾ ਜਨਮ 12 ਅਪ੍ਰੈਲ 1952 ਨੂੰ ਪਿੰਡ ਜੰਡਵਾਲਾ ਭੀਮੇਸ਼ਾਹ ਜ਼ਿਲਾ ਫਿਰੋਜ਼ਪੁਰ ਵਿਖੇ ਪਿਤਾ ਚਰਨ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖੋਂ ਹੋਇਆ। ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ ਜਿਸ ਨੂੰ ਆਪ ਨੇ ਸਾਰੀ ਉਮਰ ਆਪਣੇ ਜੀਵਨ ਦਾ ਅੰਗ ਬਣਾ ਕੇ ਰਖਦਿਆਂ, ਸਿਖ ਗੁਰੂ ਸਾਹਿਬਾਨ ਦੁਆਰਾ ਵਰੋਸਾਈ ਗਈ ਗੁਰਤਤਿ ਸੰਗੀਤ ਦੇ ਪਰਚਾਰ ਪਰਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਖਾਲਸਾ ਜੀ ਨੇ 1976 ਵਿਚ ਗ੍ਰੈਜੂਏਟ ਡਿਪਲੋਮਾ ਗੁਰਮਤਿ ਸੰਗੀਤ ਸ਼ਹੀਦ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਕੀਤਾ ਉਸ ਤੋਂ ਬਾਦ 1977 ਤੋਂ 1978 ਤੱਕ ਗੁਰਮਤਿ ਸੰਗੀਤ ਕਾਲਜ਼ ਰਿਸ਼ੀਕੇਸ਼ ਵਿਖੇ ਸੰਗੀਤ ਟੀਚਰ ਦੀ ਸੇਵਾ ਨਿਭਾਈ ਤੇ ਬਾਦ ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ਼ ਸ੍ਰੀ ਗੰਗਾਨਗਰ ਰਾਜਸਥਾਨ ਵਿਖੇ ਸੇਵਾ ਨਿਭਾਈ ਤੇ ਬਾਦ ਵਿਚ 1979 ਸਨ ਵਿਚ ਆਪ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਲੰਮਾ ਸਮਾ ਸੇਵਾ ਨਿਭਾਈ ਤੇ ਪੰਜ ਤਖ਼ਤ ਸਾਹਿਬਾਂ ਵਿਖੇ ਵੀ ਕੀਤਰਨ ਕਰਕੇ ਸੰਗਤਾ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਕਰੀਬ 71 ਦੇਸ਼ਾ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਪਸਾਰ ਕੀਤਾ ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦਾ ਵੀ ਗਿਆਨ ਸੀ।ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਨਾਲ ਨਾਲ ਗੁਰਮਤਿ ਸੰਗੀਤ ਪਰੰਪਰਾ ਵਿਚ ਪ੍ਰਯੋਗ ਹੋ ਰਹੇ ਭਾਰਤੀ ਸੰਗੀਤ ਦੇ ਹੋਰ ਰਾਗਾਂ ਦੀਆਂ ਸ਼ਬਦ-ਰੀਤਾਂ ਨੂੰ ਵੀ ਸੁਰਲਿਪੀਬਧ ਕਰ ਕੇ ਨਿਘਰ ਯੋਗਦਾਨ ਪਾਇਆ।ਆਪ ਜੀ ਦੁਆਰਾ ਸ਼ਬਦ ਕੀਰਤਨ ਦੀ ਵਿਵਹਾਰਕ ਪਰੰਪਰਾ ਦੀ ਸੰਭਾਲ ਦੇ ਨਾਲ ਨਾਲ ਗੁਰਮਤਿ ਸੰਗੀਤ ਦੇ ਸ਼ਾਸਤਰ ਪਖ ਸਰੋਤਿਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ, ਵਿਸ਼ੇ ਨਾਲ ਸਬੰਧਤ ਅਨੇਕ ਨੁਕਤਿਆਂ ਸਬੰਧੀ ਸਮੇਂ ਸਮੇਂ ਸੰਗਤਾਂ ਸਨਮੁਖ ਚਰਚਾ ਕੀਤੀ। 2009 ਵਿਚ ਸਿੱਖ ਕੌਮ ਲਈ ਮਾਣੀ ਵਾਲੀ ਗੱਲ ਸੀ ਕਿ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਨੂੰ ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਵੱਲੋਂ ਪਦਮਸ੍ਰੀ ਪੁਸਤਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਪਹਿਲੀ ਵਾਰ ਕਿਸੇ ਹਜ਼ੂਰੀ ਰਾਗੀ ਨੂੰ ਇਹ ਪੁਸਤਕਾਰ ਮਿਲਿਆ। ਕਲਾਸੀਕਲ ਸੰਗੀਤ ਅਤੇ ਗੁਰਬਾਣੀ ਦੀ ਕਲਾ ਵਿਚ ਸਿਖਿਅਤ ਭਾਈ ਨਿਰਮਲ ਸਿੰਘ ਖਾਲਸਾ ਨੇ ਦੇਸ਼ ਵਿਦੇਸ਼ ਵਿਚ ਕਲਾਸਿਕ ਅਤੇ ਹਲਕੇ ਸੰਗੀਤ ਸਿੰਘ ਗੁਰਬਾਣੀ ਦਾ ਪ੍ਰਚਾਰ ਕੀਤਾ। ਇਨ੍ਹਾਂ ਦੇ ਮੁੱਲੇ ਸੰਗੀਤ ਦੇ ਅਧਿਆਪਕ ਪ੍ਰੋ ਅਵਤਾਰ ਸਿੰਘ ਨਾਜ ਸਨ ਅਤੇ ਬਾਅਦ ਵਿਖ ਲਾਹੌਰ ਤੋਂ ਆਏ ਗ਼ਜ਼ਲ ਵਾਦਕ ਉਸਤਾਦ ਗੁਲਾਮ ਅਲੀ ਖਾਨ ਨੇ ਆਪਣੀ ਸੰਗੀਤ ਦੀ ਕੁਸ਼ਲਤਾ ਨੂੰ ਝੰਜੋੜਿਆ। ਇਸ ਤੋਂ ਇਲਾਵਾ ਉਹ ਸਾਰੇ ਸਹਿਕਾਰਤ ਪੰਜ ਤਖ਼ਤਾਂ ਭਾਰਤ ਵਿਚ ਇਤਿਹਾਸਕ ਗੁਰਦੁਆਰਿਆਂ ਅਤੇ 53 ਦੇਸ਼ਾ ਵਿਚ ਗੁਰਬਾਣੀ ਦਾ ਕੀਤਰਨ ਕਰਦੇ ਸੰਗਤਾ ਨੂੰ ਨਿਹਾਲ ਕੀਤਾ। ਟੀ ਸੀਰੀਜ਼ ਵਾਲੀ ਕੰਪਨੀ, ਮਿਊਜ਼ਿਕ ਟੂਡੇ, ਮਿਊਜ਼ਿਕ ਮੈਮੋਰੀਜ਼, ਟਿਪਸ, ਫਾਇਨ ਟਚ ਅਤੇ ਸਾਗਾ ਨੇ ਭਾਈ ਖਾਲਸਾ ਦੀਆਂ 50 ਤੋਂ ਵੱਧ ਆਡੀਓ ਕੈਸਿਟਾਂ, ਵੀਸੀਡੀ, ਡੀਵੀਡੀ, ਐਮਪੀ-3 ਜਾਰੀ ਕੀਤੀ। ਉਹ ਵਿਕਾਸ ਦੇ ਖੇਤਰ ਵਿਚ ਪੁਰਸਕਾਰਾਂ ਦੀ ਚੋਣ ਲਈ ਪੰਜਾਬ ਭਾਸ਼ਾ ਵਿਭਾਗ ਦੇ ਸਲਾਹਕਾਰ ਬੋਰਡ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਕੀਰਤਨ ਉਪ ਕਮੇਟੀ ਦੇ ਮੈਂਬਰ ਵੀ ਸਨ। ਪ੍ਰਸਾਰ ਭਾਰਤੀ ਦੁਆਰਾ ਏ ਗ੍ਰੇਡ

ਗੁਰਬਾਣੀ ਕੀਰਤਨ ਪੇਸ਼ ਕਰਨ ਵਾਲੇ ਇੰਡਿਅਨ ਮਿਊਜ਼ਿਕ ਇੰਡਸਟਰੀ ਮੁੰਬਈ ਦੁਆਰਾ **1994** ਵਿਚ ਉਸ ਦੀ ਭਗਤੀ ਭਰੀ ਗਾਇਨ ਲਈ ਦੀਵਾ ਰਾਸ਼ਟਰੀ ਪੁਸਤਕਾਰ ਵੀ ਮਿਲਿਆ। ਉਸ ਨੂੰ ਸੋਨੇ ਦਾ ਤਗਮਾ ਅਤੇ ਫਿਰੋਜ਼ਪੁਰ ਦੇ ਖਾਲਸੇ ਫਤਹਿ ਜੰਗ ਦੁਆਰਾ ਸ਼੍ਰੋਮਣੀ ਰਾਗੀ ਪੁਸਤਕਾਰ ਮਿਲਿਆ। ਪੰਜਾਬ ਵਿਚ **1999** ਵਿਚ ਯੂਨਾਈਟਿਡ ਸਿੱਖ ਆਰਗੇਨਾਈਜ਼ੇਸ਼ਨ ਦਿੱਲੀ ਨੇ ਉਨ੍ਹਾਂ ਨੂੰ **2003** ਵਿਚ ਸਿਫਤੀ ਐਵਾਰਡ ਨਾਲ ਸਨਮਾਨਿਤ ਕੀਤਾ, ਜਦੋਂ ਕਿ ਅੰਤਰਰਾਸ਼ਟਰੀ ਸੰਸਥਾ ਗੁਰਮਤਿ ਅਧਿਐਨ ਲਾਸ ਏਜਲਜ਼, ਯੂਐਸਏ. ਨੇ ਉਨ੍ਹਾਂ ਨੂੰ **2004** ਵਿਚ ਭਾਈ ਮਰਦਾਨਾ ਐਵਾਰਡ ਨਾਲ ਨਿਵਾਜਿਆ। ਸੰਨ **2006** 'ਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੇ ਗੁਰ ਗ੍ਰੰਥ ਸਾਹਿਬ ਦੇ ਸੰਕਲਨ ਦੀ **300** ਵਰੇਗੰਡ ਦੇ ਮੌਕੇ ਤੇ ਉਨ੍ਹਾਂ ਨੂੰ ਸ਼੍ਰੋਮਣੀ ਪੁਰਸਕਾਰ ਨਾਲ ਸਨਮਾਨਿਤ ਕੀਤਾ। ਸਿੱਖ ਸੁਪਰੀਮ ਕੌਂਸਲ ਆਫ਼ ਅਫ਼ਰੀਕਾ ਨੇ **2005** ਵਿਚ ਉਸ ਨੂੰ ਵਿਸ਼ੇਸ਼ ਸਨਮਾਨ ਦਿੱਤਾ। ਚੀਫ਼ ਖਾਲਸਾ ਦੀਵਾਨ ਨੇ **2007** ਵਿਚ ਸਨਮਾਨਿਤ ਵੀ ਕੀਤਾ। ਖਾਲਸਾ ਜੀ ਦੀ ਆਵਾਜ਼ ਵਿਚ ਇਕ ਐਸੀ ਮਿਠਾਸ ਸੀ ਕਿ ਜਿਸ ਵਿਚ ਪਰਮਾਤਮਾ ਦੀ ਅਪਾਰ ਬਖਸ਼ਸ਼ ਹੋਏ ਜਦੋਂ ਸ੍ਰੀ ਦਰਬਾਰ ਸਾਹਿਬ ਵਿਖੇ ਇਲਾਹੀ ਬਾਣੀ ਦਾ ਕੀਰਤਨ ਕਰਦੇ ਸਨ, ਸੰਗਤਾਂ ਵੀ ਉਸ ਸਮੇ ਨਾਲ ਬੰਜ ਜਾਂਦੀਆਂ। ਉਨ੍ਹਾਂ ਦੀ ਰਾਗ ਵਿਦਿਆ ਨਾਲ ਉਹ ਗੁਰਬਾਣੀ ਦੇ ਗੂੜ ਗਿਆਤਾ ਅਤੇ ਗੁਰਮਤਿ ਫ਼ਲਸਫੇ ਦੇ ਗਿਆਨੀ ਸਨ। ਉਹ ਨਿਰਧਾਰਿਤ ਰਾਗਾਂ ਵਿਚ ਸ਼ਬਦ ਰੀਤਾ ਦਾ ਗਾਇਨ ਕਰਨ ਵਿਚ ਪੂਰਨ ਸਮਰੱਥ ਸਨ। ਉਨ੍ਹਾਂ ਨੂੰ ਭਾਰਤੀ ਸੰਗੀਤ ਦੀਆਂ ਗਿਆਨ ਸ਼ੈਲੀਆਂ ਵਿਚ ਰਾਗਾਂ ਦੇ ਵਿਭਿੰਨ ਤੱਤਾਂ ਅਤੇ ਕਲਾਸੀਕਲ ਗਾਇਨ ਵਿਚ ਨਿਵੇਕਲੇ ਢੰਗਾਂ ਰਾਹੀ ਵਿਅਕਤੀਗਤ ਸ਼ੈਲੀ ਸਥਾਪਿਤ ਕਰਨ ਦਾ ਪ੍ਰਸਾਰ ਕਿਤੇ ਵੱਧ ਹੈ ਪਰ ਗੁਰਮਤਿ ਸੰਗੀਤ ਦੀ ਮਰਿਆਦਾ ਦਾ ਪਾਲਣਾ ਕਰਦੇ ਹੋਏ ਉਹ ਸਮਕਾਲੀ ਕੀਰਤਨੀਆਂ ਵਿਚ ਵੱਖਰਾ ਢੰਗ ਸਥਾਪਿਤ ਕਰਨ ਵਿਚ ਸਫਲ ਹੋਏ। ਖਾਲਸਾ ਜੀ ਨੇ ਨਾਨਕ ਸ਼ਾਹ ਫ਼ਕੀਰ ਵਿਚ ਵੀ ਸ਼ਬਦ ਵੀ ਗਾਇਕ ਪਰ ਉਹ ਫ਼ਿਲਮ ਰਿਲੀਜ਼ ਨਹੀ ਹੋ ਸਕੀ। ਉਨ੍ਹਾਂ ਨੇ ਆਸਾ ਦੀ ਵਾਰ ਨੂੰ ਆਪਣੇ ਨਿਵੇਕਲੇ ਢੰਗ ਨਾਲ ਆਵਾਜ਼ ਪ੍ਰਦਾਨ ਕਰਨ ਦੇ ਨਾਲ ਗੁਰੂ ਅਰਜਨ ਦੇਵ ਜੀ ਦੀ ਪਾਵਨ ਰਚਨਾ ਸੁਖਮਨੀ ਸਾਹਿਬ ਦੀ ਗਉੜੀ ਰਾਗ ਵਿਚ ਗਾਇਨ ਕਰਕੇ ਸੰਗਤਾਂ ਤੋਂ ਤਾਰਿਫ਼ ਖੱਟੀ। ਭਾਈ ਨਿਰਮਲ ਸਿੰਘ ਖਾਲਸਾ ਜੀ ਨੇ ਆਪਣਾ ਕੀਰਤਨੀਏ ਜੱਥਾ ਨਾਲ ਲੰਮੇ ਸਮਾ ਕੀਤਰਨ ਕਰਦੇ ਰਹੇ। ਭਾਈ ਨਿਰਮਲ ਸਿੰਘ ਖਾਲਸਾ ਕੋਰੋਨਾ ਵਾਇਰਸ ਕੋਵਿਡ-**19** ਤੋਂ ਪੀੜਤ ਸਨ ਉਹ ਹਾਲ ਹੀ ਵਿਚ ਵਿਦੇਸ਼ ਤੋਂ ਵਾਪਸ ਪਰਤੇ ਸਨ। ਚੱਕਰ ਆਉਣ ਅਤੇ ਸਾਹ ਦੀ ਸਮੱਸਿਆ ਗ੍ਰਿਫ਼ਤ ਵਿਚ ਆਉਣ ਤੋਂ ਬਾਦ **30** ਮਾਰਚ **2020** ਨੂੰ ਗੁਰੂ ਨਾਨਕ ਦੇਵ ਹਸਪਤਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਉਨ੍ਹਾਂ ਨੂੰ ਦਾਖਲ ਕਰਵਾਇਆ ਗਿਆ ਤੇ **2** ਅਪ੍ਰੈਲ **2020** ਨੂੰ ਸਵੇਰੇ **3** ਵਜੇ ਉਨ੍ਹਾਂ ਨੇ ਆਖ਼ਰੀ ਸਾਹ ਲਿਆ। ਭਾਈ ਨਿਰਮਲ ਸਿੰਘ ਜੀ ਖਾਲਸਾ ਦੀ **67** ਸਾਲਾ ਦੇ ਸਨ ਤੇ ਉਨਾਂ ਨੇ ਆਪਣੀ ਜਿੰਦਗੀ ਵਿਚ ਬਹੁਤ ਸੰਘਰਸ਼ ਅਤੇ ਮਿਹਨਤ ਕਰਕੇ ਵੱਡੀ ਉਪਾਧੀ ਹਾਸਲ ਕੀਤੀ ਜਿਸ ਕਰਕੇ ਉਨ੍ਹਾਂ ਦੇ ਦੁਨੀਆਂ ਤੋਂ ਜਾਣ ਬਾਦ ਵੀ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਤੇ ਉਨ੍ਹਾਂ ਦੁਆਰਾ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਵੀ ਹਮੇਸ਼ਾ ਕੀਤੀ ਜਾਵੇਗੀ।

---

# ਪਦਮਸ੍ਰੀ ਸਨਮਾਨਤ ਪ੍ਰਥਮ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਖ਼ਾਲਸਾ

ਡਾ. ਨਿਰਮਲ ਸਿੰਘ

ਭਾਈ ਨਿਰਮਲ ਸਿੰਘ ਖ਼ਾਲਸਾ ਦਾ ਜਨਮ 12 ਅਪ੍ਰੈਲ, 1952 ਨੂੰ ਪਿੰਡ ਜੰਡ ਵਾਲਾ ਭੀਖੇਸ਼ਾਹ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸ੍ਰੀਮਤੀ ਗੁਰਦੇਵ ਕੌਰ ਦੀ ਕੁੱਖੋਂ ਪਿਤਾ ਸ੍ਰ: ਚਾਨਣ ਸਿੰਘ ਦੇ ਘਰ ਹੋਇਆ ਸੀ। ਭਾਈ ਨਿਰਮਲ ਸਿੰਘ ਦਾ ਪਰਿਵਾਰ ਪਿੱਛੋਂ ਪਾਕਿਸਤਾਨ ਤੋਂ 1947 ਦੇ ਸਮੇਂ ਵੇਲੇ ਇਧਰਲੇ (ਚੜ੍ਹਦੇ ਪੰਜਾਬ) ਵਿੱਚ ਆ ਕੇ ਵਸਿਆ ਸੀ।

ਇੱਕ ਵਾਰੀ ਪ੍ਰਸਿੱਧ ਗੀਤਕਾਰ ਸਾਹਿਬ ਸਾਬੀ (ਪਹੇਵਾ) ਜੀ ਨਾਲ ਪਰਮਜੀਤ ਸਿੰਘ ਸਿੱਧੂ ਪੰਮੀ ਬਾਈ ਜੀ ਦੇ ਘਰ ਮਿਲਣ ਦਾ ਮੌਕਾ ਪ੍ਰਾਪਤ ਹੋਇਆ। ਸਾਹਿਬ ਸਾਬੀ ਜੋ ਕਿ ਭਾਈ ਸਾਹਿਬ ਦੇ ਰਿਸ਼ਤੇਦਾਰ ਹਨ, ਉਹਨਾਂ ਨੂੰ ਯਾਦ ਕਰਕੇ ਕਹਿੰਦੇ ਹਨ ਕਿ ਉਹ ਕਈ ਵਾਰ ਟਰੱਕ ਤੇ ਚੜ੍ਹਕੇ ਹੀ ਸੰਗੀਤ ਸਿੱਖਣ ਚਲੇ ਜਾਂਦੇ।

ਭਾਈ ਨਿਰਮਲ ਸਿੰਘ ਖ਼ਾਲਸਾ ਬਚਪਨ ਵਿੱਚ ਪਿੰਡ ਦੇ ਪੰਚਾਇਤੀ ਰੇਡੀਓ ਤੋਂ ਪਾਕਿਸਤਾਨ ਦੇ ਰੇਡੀਓ ਲਾਹੌਰ ਤੋਂ ਪ੍ਰਸਾਰਿਤ ਹੁੰਦਾ 'ਪੰਜਾਬੀ ਦਰਬਾਰ' ਪ੍ਰੋਗਰਾਮ ਸੁਣਦੇ ਹੁੰਦੇ ਸੀ। ਜਿਸ ਵਿੱਚ ਉਸ ਸਮੇਂ ਦੇ ਪ੍ਰਸਿੱਧ ਰਾਗੀ ਭਾਈ ਸਮੁੰਦਰ ਸਿੰਘ, ਭਾਈ ਸੰਤਾ ਸਿੰਘ, ਭਾਈ ਲਾਲ ਤੇ ਭਾਈ ਚਾਂਦ ਦੇ ਦੇ ਸ਼ਬਦ ਪ੍ਰਸਾਰਤ ਹੁੰਦੇ ਅਤੇ ਨਾਲ ਹੀ ਨਾਲ ਪ੍ਰੋਗਰਾਮ 'ਸ਼ਾਮ ਏ ਗ਼ਜ਼ਲ' ਆਉਂਦਾ ਜਿਸ ਵਿੱਚ ਮਹਿੰਦੀ ਹਸਨ, ਨੂਰ ਜਹਾਂ, ਰੇਸ਼ਮਾਂ, ਪਰਵੇਜ਼ ਮਹਿੰਦੀ ਤੇ ਗ਼ੁਲਾਮ ਅਲੀ ਸਾਹਿਬ ਦੀਆਂ ਗ਼ਜ਼ਲਾਂ ਸੁਣਦਿਆਂ-ਸੁਣਦਿਆਂ ਭਾਈ ਨਿਰਮਲ ਸਿੰਘ ਖ਼ਾਲਸਾ ਜੀ ਦੇ ਮਨ ਵਿੱਚ ਸੰਗੀਤ ਪ੍ਰਤੀ ਰੁਚੀ ਪੈਦਾ ਹੋਣ ਲੱਗੀ।

ਪੰਜਾਬੀ ਦੇ ਪ੍ਰਸਿੱਧ ਲੇਖਕ ਗੁਰਭਜਨ ਸਿੰਘ ਗਿੱਲ ਜੀ ਦੇ ਲਿਖੇ ਆਰਟੀਕਲਾ ਨੂੰ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇੱਕ ਵਾਰੀ ਮਿਰਜ਼ਾ ਗਾਲਿਬ ਦੀ ਉਰਦੂ ਦੀ ਗ਼ਜ਼ਲ ਦਾ ਸੂਫ਼ੀ ਤਬੱਸਮ ਵੱਲ ਕੀਤਾ ਹੋਇਆ ਅਨੁਵਾਦ ਜਦੋਂ ਇੱਕ ਪ੍ਰੋਗਰਾਮ ਵਿੱਚ ਪੇਸ਼ ਕੀਤਾ ਭਾਈ ਨਿਰਮਲ ਸਿੰਘ ਖ਼ਾਲਸਾ ਉਸ ਗ਼ਜ਼ਲ ਦੇ ਮੁਰੀਦ ਈ ਹੋ ਗਏ ਗ਼ਜ਼ਲ ਦੇ ਬੋਲ ਸੀ

ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ, ਆਜਾ ਵੇਖ ਮੇਰਾ ਇੰਤਜ਼ਾਰ ਆਜਾ।

ਖਾਂ ਸਾਹਿਬ ਦੀ ਗਾਇਕੀ ਚੋਂ ਗਾਈ ਇਸ ਗ਼ਜ਼ਲ ਤੋਂ ਪਰੇਰਿਤ ਹੋ ਕੇ ਭਾਈ ਸਾਹਿਬ ਨੇ ਸੰਗੀਤ ਦੀ ਸਾਧਨਾ ਕਰਨ ਦੀ ਪ੍ਰੇਰਨਾ ਲਈ ਅਤੇ ਭਾਈ ਨਿਰਮਲ ਸਿੰਘ ਨੇ ਪੂਰੇ ਮਨ ਨਾਲ ਸੰਗੀਤ ਦਾ ਖ਼ੂਬ ਰਿਆਜ਼ ਕੀਤਾ।

ਘਰ ਵਿੱਚ ਅੱਤ ਦੀ ਗਰੀਬੀ ਸੀ ਪਿਤਾ ਜੀ ਚਾਹੁੰਦੇ ਸੀ ਮੇਰੇ ਨਾਲ ਖੇਤੀਬਾੜੀ ਵਿੱਚ ਹੱਥ ਵਟਾਵੇ ਭਾਈ ਨਿਰਮਲ ਸਿੰਘ ਦੇ ਚਾਚਾ ਜੀ ਵੀ ਸੰਤ ਫਤਹਿ ਸਿੰਘ ਨਾਲ ਸਹਿ ਕੀਰਤਨੀਏ ਸੀ। ਮਾਤਾ ਜੀ ਚਾਹੁੰਦੇ ਸੀ ਕਿ ਉਨ੍ਹਾਂ ਦਾ ਪੁੱਤਰ ਵੱਡਾ ਹੋ ਕੇ ਸੰਗੀਤ ਦੀ ਸੇਵਾ ਕਰੇ।

ਭਾਈ ਨਿਰਮਲ ਸਿੰਘ ਖ਼ਾਲਸਾ ਨੇ 1976 ਈ: ਵਿੱਚ ਗੁਰਮਤਿ ਸੰਗੀਤ ਦਾ ਡਿਪਲੋਮਾ ਅੰਮ੍ਰਿਤਸਰ ਦੇ ਸਿੱਖ ਸ਼ਹੀਦ ਮਿਸ਼ਨਰੀ ਕਾਲਜ ਤੋਂ ਪ੍ਰਾਪਤ ਕੀਤਾ ਸੀ। ਭਾਈ ਸਾਹਿਬ ਦੀ ਰੁਚੀ ਸੰਗੀਤ ਪ੍ਰਤੀ ਬਹੁਤ ਵੱਧ ਗਈ ਜ਼ਿਆਦਾ ਸਮਾਂ ਸੰਗੀਤ ਸਾਧਨਾ ਵਿੱਚ ਲਗਾਉਣ ਲੱਗੇ।

ਭਾਈ ਨਿਰਮਲ ਸਿੰਘ ਖ਼ਾਲਸਾ ਨੇ ਸਾਲ 1977 ਵਿੱਚ ਰਿਸ਼ੀਕੇਸ ਦੇ ਗੁਰਮਤਿ ਕਾਲਜ ਵਿੱਚ ਸੰਗੀਤ ਅਧਿਆਪਕ ਵਜੋਂ ਨਿਯੁਕਤ ਹੋ ਗਏ। ਫੇਰ 1978 ਵਿੱਚ ਉਹਨਾਂ ਨੇ ਰਾਜਸਥਾਨ ਦੇ ਸ਼ਹਿਰ ਗੰਗਾ ਨਗਰ ਵਿੱਚ ਸਥਿਤ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿੱਚ ਸੰਗੀਤ ਅਧਿਆਪਨ ਕੀਤਾ।

ਸੰਨ 1979 ਤੋਂ ਆਪ ਜੀ ਦੀ ਨਿਯੁਕਤੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੋਈ।
ਸੋ ਆਪ ਜੀ ਦੇ ਕੀਰਤਨ ਨੂੰ ਸੁਣ ਕੇ ਸੰਗਤਾਂ ਬਹੁਤ ਨਿਹਾਲ ਹੁੰਦੀਆਂ ਅਤੇ ਸੰਗੀਤਕ ਸੁਰਾਂ ਰਾਹੀਂ ਰੱਬੀ ਬਾਣੀ ਦਾ ਕੀਰਤਨ ਸੁਣਦੀਆਂ ਤੇ ਹਰ ਰੋਜ਼ ਸੁਣਨ ਆਉਂਦੀਆਂ।

ਭਾਈ ਨਿਰਮਲ ਸਿੰਘ ਖ਼ਾਲਸਾ ਨੇ ਪੰਜਾਂ ਤਖ਼ਤਾਂ ਅਤੇ ਕਈ ਹੋਰ ਇਤਿਹਾਸਿਕ ਗੁਰਦੁਆਰਿਆਂ ਅਤੇ ਦੱਖਣੀ ਏਸ਼ੀਆ (ਸਿੰਘਾਪੁਰ, ਥਾਈਲੈਂਡ, ਮਲੇਸ਼ੀਆ) ਅਤੇ ਦੁਨੀਆਂ ਭਰ ਦੇ 72 ਮੁਲਕਾਂ ਦੇ ਲਗਭਗ ਗੁਰਬਾਣੀ ਕੀਰਤਨ ਦੀ ਸੇਵਾ ਕੀਤੀ।

ਭਾਈ ਸਾਹਿਬ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਮਤਿ ਸੰਗੀਤ ਦੇ 31 ਰਾਗਾਂ ਦਾ ਗਿਆਤਾ ਹੋਣ ਦਾ ਮਾਣ ਹਾਸਲ ਹੈ। ਭਾਈ ਸਾਹਿਬ ਦੀ ਇਸੇ ਮੁਹਾਰਤ ਨੂੰ ਦੇਖਦੇ ਹੋਏ ਉਹਨਾਂ ਨੂੰ ਸੰਨ 2009 ਵਿੱਚ ਭਾਰਤ ਸਰਕਾਰ ਨੇ ਪਦਮਸ੍ਰੀ ਦੀ ਉਪਾਧੀ ਪ੍ਰਦਾਨ ਕੀਤੀ ਜਿਸ ਨੂੰ ਕੇ (ਚੌਥਾ ਸਰਬ ਉੱਚ ਸਨਮਾਨ) ਕਿਹਾ ਗਿਆ ਹੈ। ਆਪ ਜੀ ਇਹ ਸਨਮਾਨ ਪ੍ਰਾਪਤ ਕਰਨ ਵਾਲੇ ਪਹਿਲੇ ਹਜ਼ੂਰੀ ਰਾਗੀ ਬਣੇ।

ਆਪ ਜੀ ਦੇ ਸੰਗੀਤਕ ਯੋਗਦਾਨ ਨੂੰ ਮੂਲ ਰੱਖਦੇ ਹੋਏ ਪੰਜਾਬ ਦੇ ਕਈ ਕਾਲਜਾਂ, ਯੂਨੀਵਰਸਿਟੀਆਂ ਦੇ ਖੋਜਾਰਥੀਆਂ ਨੇ ਆਪ ਜੀ ਦੇ ਜੀਵਨ ਤੇ ਖੋਜ ਕੀਤੀ ਅਤੇ ਖੋਜਾਰਥੀਆਂ ਨੇ ਖੋਜ ਪੱਤਰ ਪ੍ਰਕਾਸ਼ਤ ਕੀਤੇ ਹਨ।

ਭਾਈ ਸਾਹਿਬ ਜੀ ਦੇ ਕੁਝ ਪ੍ਰਸਿੱਧ ਕਿਕਾਰਡ: ਜਪੁਜੀ ਸਾਹਿਬ, ਰਹਿਰਾਸ ਸਾਹਿਬ (ਸਾਲ 2000), ਪੁਰਾਤਨ ਰੀਤਾਂ (2008), ਏਕ ਨੂਰ (2006), ਨਿਤਨੇਮ ਪਾਠ (ਸਾਲ 2000), ਤੁਹੀ ਨਿਸਾਨੀ ਜੀਤ ਕੀ (1997), ਮਨ ਹਾਲੀ (2009), ਆਵਹੁ ਮੀਤ (2000), ਕਾਰਜ ਭਏ ਰਾਸ (2014) ਕੁਝ ਪ੍ਰਸਿੱਧ ਸ਼ਬਦ ਬਬੀਹਾ ਅੰਮ੍ਰਿਤ ਵੇਲੇ ਬੋਲਿਆ (ਮਿਸ਼ਰਿਤ ਸ਼ਿਵਰੰਜਨੀ) ਆਸਾ ਦੀ ਵਾਰ (ਰਾਗ ਆਸਾ), ਰਾਗ ਮਲਹਾਰ, ਸਾਵਣ ਆਇਆ ਹੇ ਸਖੀ, ਰਾਗ ਤਿਲੰਗ (ਮੀਰਾਂ ਦਾਨਾ ਦਿਲ ਸੋਚ, ਰਾਗ ਬਸੰਤ (ਬਨਸਪਤ ਮੌਲੇ ਚੜਿਆ ਬਸੰਤ) (ਬਰਸੇ ਮੇਘ ਰੇ ਸਖੀ) (ਮਲਹਾਰ ਰਾਗ) ਕੋਈ ਬੋਲੈ ਰਾਮ ਰਾਮ (ਰਾਮਕਲੀ ਰਾਗ) ਕਰ ਬੰਦੇ ਤੂੰ ਬੰਦਗੀ, (ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ) ਅਬ ਹਮ ਚਲੀ (ਦੇਵਗੰਧਾਰੀ)

ਭਾਈ ਸਾਹਿਬ ਜੀ ਨਾਲ ਤਬਲੇ 'ਤੇ ਭਾਈ ਦਰਸ਼ਨ ਸਿੰਘ ਬੈਠਦੇ ਸੀ। ਭਾਈ ਨਿਰਮਲ ਸਿੰਘ ਖ਼ਾਲਸਾ ਦੀ ਆਵਾਜ਼ ਵਿੱਚ ਵਿਸ਼ੇਸ਼ ਖਿੱਚ ਮੀਂਡ, ਖਟਕਾ, ਮੁਰਕੀ ਸੀ ਇਸ ਕਰ ਕੇ ਉਹਨਾਂ ਦੀ ਆਵਾਜ਼ ਨੂੰ ਸੁਣ ਕੇ ਮਨ ਨੂੰ ਬਹੁਤ ਸਕੂਲ ਮਿਲਦਾ ਸੀ।

ਭਾਈ ਨਿਰਮਲ ਸਿੰਘ ਖ਼ਾਲਸਾ ਆਪਣੇ ਪਿੱਛੇ ਦੋ ਲੜਕੀਆਂ ਇੱਕ ਲੜਕਾ ਤੇ ਆਪਣੀ ਧਰਮ ਪਤਨੀ ਛੱਡ ਗਏ। 2 ਅਪ੍ਰੈਲ, 2020 ਨੂੰ ਇਸ ਕਰੋਨਾ ਵੈਰਿਸ ਦੀ ਭੈੜੀ ਮਹਾਂਮਾਰੀ ਕਾਰਨ ਸੰਸਾਰ ਨੂੰ ਅਲਵਿਦਾ ਕਹਿ ਕੇ ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ, ਇਹਨਾਂ ਦੀ ਸੁਰੀਲੀ ਆਵਾਜ਼ ਦਾ
ਜਾਦੂ ਸਿੱਖ ਜਗਤ ਅਤੇ ਗੁਰਬਾਣੀ ਦੇ ਸਰੋਤਿਆਂ ਦੇ ਮਨਾ ਵਿੱਚ ਹਮੇਸ਼ਾਂ ਅਮਰ ਰਹੇਗਾ।

---

# A God gifted musician Bhai Nirmal Singh Khalsa

Harjap Singh Aujla

Bhai Nirmal Singh Khalsa was born in a marginal farming family displaced from Pakistan during the division of Punjab in 1947. The family owned about fifty acres of agricultural land in Chak Number 97 in district Montgomery of West (Pakistani) Punjab. After their forced exodus into India, for which the family took the Suleimanki Headworks route from district Montgomery to Fazilka Tehsil in Ferozepore district, the family was made to shuttle several times between Jullundur and Ferozepore districts to get some land allotted. Finally they were allotted some land in a village near Lohian in Shahkot tehsil of Jullundur district. According to the formula under which they were allotted land in East Punjab, they were supposed to get less than one third of the land they owned in Pakistan, because Indian Punjab did not have enough land left by the Muslim landowners while migrating to Pakistan for allotment to the displaced families from Pakistan. This will mean about seventeen acres were allotted for a family of six brothers. Actually his father got about three acres. So for all practical purposes, his father had to barely subsist on agricultural income, but they had nothing else to fall back on.

Young Nirmal Singh became fond of listening to a Punjabi program called "Punjabi Darbar" from Radio Pakistan Lahore in the evenings. It used to play some Shabads rendered by one Rababi Muslim musician formerly from Amritsar. His radio

name was Bhai Lal, but he was not the real legendry Bhai Lal of the Golden Temple, who had died long before 1947. This musician's real name was Aashik Ali and he used to sing Qawwalis and Naats in Lahore for a living. On the request of the authorities of Radio Pakistan Lahore, he refreshed his knowledge of Gurbani to record some Shabads for the popular program "Punjabi Darbar" beamed to the Indian Punjab. Bhai Lal also used to perform Shabad Kirtan on Guru Nanak Parkash Gurpurb at Gurdwwara Janam Asthan Sri Nankana Sahib, on the Martyrdom Gurpurb of Guru Arjan Dev ji in Gurdwara Dera Sahib Lahore and on Baisakhi at Gurdwara Sri Panja Sahib Hassan Abdal in the remote West of Punjab province. Young Nirmal Singh developed a liking for Bhai Lal Junior's style of music too. Child Nirmal Singh also developed taste for the magical voices of Pakistan's popular vocal maestros like Mehdi Hassan, Pervez Mehdi, Ghulam Ali and Showqat Ali. As he entered the rebellious teens, his love for classical and semi-classical music became a difficult to suppress obsession. He had no knowledge of the Raagas they sang in, but he could appreciate the music nevertheless. Among Pakistan's leading female artists, he liked Roshan Ara Begum, Noorjehan, Iqbal Bano and Farida Khanum to name a few.

His father was tough to deal with and whimsical in nature, but his mother was very considerate and sympathetic to her son's aspirations. One day he discussed his plans with his mother and told her that he did not like to continue toiling in the fields and attending to the family's herd of cattle. He bluntly expressed his desire to become a religious musician. His mother was willing to risk some savings to let her son explore the avenue of religious music in an unknown city.

One of his uncles Bhai Gurbachan Singh was a trained Kirtania too and he served the Raagi Jatha of Bhai Gurmel Singh of the Golden Temple. On the hesitant suggestion of Bhai Gurbachan Singh and Nirmal Singh's mother consent young Nirmal Singh went to Amritsar. The bus fair was about rupee one. In Amritsar he reached the Golden Temple and met his uncle Bhai Gurbachan Singh to talk about his firm desire of becoming a religious musician. Bhai Gurbachan Singh talked to Jathedar Gurcharan Singh Tohra to get young Nirmal Singh admitted to Shaheed Sikh Missionary College in Putlighar near Khalsa College Amritsar.

His level of education was too low, but interview was conducted by a high powered committee consisting of the Shiromani Gurdwara Parbhandhak Committee President Jathedar Gurcharan Singh Tohra, Principal Harbhajan Singh, Ustad Avtar Singh Naaz and Sardar Jodh Singh of All India Radio Jullundur. They asked him to sing a Shabad, which he did not know. Rather he sang a religious poem on the supreme sacrifice of the Sahibzadas of Guru Gobind Singh ji. The selectors laughed heartily at his ignorance about Gurbani, but disregarding his complete lack of knowledge about real Gurbani, they noticed a sweet melodious voice in the young aspirant. He was selected as a student of Sikh religious music in the Sikh Missionary College Putli Ghar Amritsar. From 1974 to 1976 for three years he was put to rigorous training in music under a brilliant teacher of music Avtar Singh Naaz and was awarded a diploma. His first important posting was as a teacher of music at Gurmat College in Rishikesh (Uttar Pradesh) in 1977, where he trained a lot of kids of needy families in Gurmat Sangeet. In the very next year 1978, his second posting was made three hundred miles away at Buddha Johar in Sriganganagar district in Rajasthan as a teacher in Shaheed Sikh Missionary College. He stayed there for a year.

His wish was to become a Huzoori Raagi at Sri Darbar Sahib in Amritsar. Finally in 1979, the SGPC posted him as a supporting musician with a senior lead musician Bhai Gurmej Singh. Bhai Gurmej Singh was a very experienced old fashioned musician. He guided Bhai Nirmal Singh as to where to pause and be soft and where to lay stress. Bhai Gurmej Singh found a quick learner.

In 1986, as some vacancies for the musicians occurred in the Golden Temple, he was allowed to form his own Kirtania Jatha. His first choice was of Kanwaljit Singh, but the association lasted for a very short duration. Then he chose Bhai Darshan Singh as the second vocal musician with Harmonium as the instrument and Bhai Kartar Singh as a drummer (Tabla player) musician. This Jatha continued unaltered for 34 years. Bhai Nirmal Singh was a witness to another police and para-military action in the Golden Temple Complex. It precisely happened during 1986 itself on April 30th. According to his own narrration, Bhai Nirmal Singh Khalsa was on regular Kirtan duty. Normally the slot is for an hour and a half, but no Raagi Jatha came to relieve him. So he kept performing his duty. His Kirtan slot lasted nine hours. He was hungry and needed to clear his bladder. At the end of nine hours, he requested the on duty Ardasia to perform the Ardas. While moving out of the sanctum sanctorium, he had to crawl to reach a place, where he could urinate. He was caught by the para-military forces. He explained his position. There was one deputy inspector general of police of the central reserve police force Mr. Chaman Lal perhaps. He understood Bhai Nirmal Singh's predicament and asked his staff to drop him off at his village near Lohian Khas in Jalandhar district. Surprisingly the police treated him with due respect.

In the meanwhile Bhai Nirmal Singh kept polishing his singing skills by regular Riaz of the Raagas he was supposed to sing. One day on one of his many trips to the USA, perhaps in 1990 or 1991, I was driving Bhai Nirmal Singh to a Gurdwara in New Jersey. In my car I had cassette tapes of choicest Sikh music. Out of all the tapes, I chose a special one in the voice of M.S. Subhalakshmi of Madras (now Chennai). As it unfolded, Bhai Sahib started saying "Wah, what a beautiful voice". When the tape ended, Bhai Nirmal Singh asked me as to who was this voice? I told him, it was M.S. Subhalakshmi the finest Karnataka classical musician of Southern India. He told me that other than Bhai Santa Singh, this is the finest rendition that he had heard in his life. He was a great admirer of Bhai Samund Singh, Sant Sujan Singh and Bhai Mohan Pal Singh too.

Bhai Nirmal Singh loved the voice of Ghazal singer Ghulam Ali of Pakistan and he nursed a strong desire to be his "Shagird". One day on a tour of the United Kingdom, he heard that Ghulam Ali was also in England. Bhai Nirmal Singh made a trip to London to see his idol. When they actually met he discovered to his great surprise that even Ghulam Ali was listening to him. Bhai Nirmal Singh expressed his desire to become his disciple to which Ghulam Ali consented. From then on Bhai Nirmal Singh started mastering Ghulam Ali's style. Some times Ghulam Ali visited him in Amritsar and he learnt the finer points of Ghulam Ali's classical renditions. At one time his style became the carbon copy of Ghulam Ali's style of music, but as he started developing his distinct style based on "Gurmat Sangeet", he received a Panth-wide name and fame. His voice

was vibrant and powerful one. He even reached newer heights in Path of Sri Japji Sahib and Rehras Sahib. If one listens to his Nitnem, it is an all together great feeling.

In 2009, the then President of India Mrs. Pratibha Singh Patil conferred on him one of the most coveted Padma Shri Award. The then Prime Minister of India Dr. Manmohan Singh and his wife Mrs. Gursharan Kaur were fond of listening to his music. Mrs. Gursharan Kaur is a known lover of Gurbani Kirtan since her childhood. She became fond of listenening to Bhai Nirmal Singh's rendition of Asa Di Vaar and hubby Dr. Manmohan Singh listened to his Shabad Kirtan before going to bed. It was revealed by Bhai Nirmal Singh that in most probability he got the Padma Shri Award due to the personal efforts of Prime Minister Dr. Manmohan Singh. Normally such national level awards are recommended by the governments of the states of domicile of the artists. Actually in the case of music, a high powered committee of experts sits down, listens to the music of the recommendee and then decides after a long process of deliberations. Bhai Nirmal Singh had indeed cultured his voice so much, that even his ordinary renditions got the status of a land mark. His voice was independent of his age, it was improving year after year. Even the film Industry of India liked his resonating vibrant voice. India's reputed music director Sardar Uttam Singh used his voice in film "Nanak Shah Faqir". Bhai Nirmal Singh rendered the Aarti most professionally for the off the beaten track film.

Rendition of Asa Di Vaar is the real test of the merit of a Sikh religious musician. The earliest recordings of Asa Di Vaar by Sikh musicians date back to the 1940s. These are by Budh Singh Taan of All India Radio Lahore on a set of twelve 78 RPM records published by Young India Recording Company of Wadala in Bombay and a similar recording on a dozen 78 RPM records by Harbhajan Singh and Pradhan Singh published by the Gramophone Company of Calcutta India. It is also called His Master's Voice (HMV). During the 1960s two long playing records were released in the voice of Bhai Surjan Singh by the HMV, which became the best sellers. Bhai Piara Singh of the Golden Temple also had two popular long playing records of Asa Di Vaar. But the recording of Asa Di Vaar by Bhai Nirmal Singh broke all previous records and 6.5 million of its copies were sold throughout the world. Famous Raagis of the older times used to say that the real test of the brilliance of a Sikh religious musician lies in his professionalism in rendition of Asa Di Vaar. Bhai Nirmal Singh Khalsa has established his credentials most admirably.

Bhai Nirmal Singh visited almost seventy countries of the world. Most of these included European and North American countries. He was a great lover of environment. Many times he met Sant Balbir Singh Seechewal and appreciated his efforts to clean the Kali Vein in Sultanpur Lodhi. His own village is located very close to Sultanpur Lodhi near Lohian Khas. Bhai Nirmal Singh Khalsa had the distinction of performing Shabad Kirtan at all five Sikh Religious Takhats.

Bhai Nirmal Singh Khalsa has been one of the most recorded Sikh religious musician. According to youtube statistics, some of his most popular numbers include complete Asa Di Vaar, Aarti, Japji Sahib, Rehras Sahib, Sukhmani Sahib. The popular, available on youtube, Shabads include:

1.) Kar Bande Tu Bandagi
2.) Sajjan Mere Rangle

3.) Eh doye Naina Mat Chhoyo
4.) Sun Yaar Hamare Sajjan
5.) Babiha Amrit Vele Bolya
6.) Beet Jaahe Janam
7.) Raag Basant
8.) Bighan Na Kou Laage
9.) Kaali Koyal Tu Kit Gun Kaali
10.) Koi Bole Raam Raam
11.) Mauli Dharti Maulya Akash
12.) Too Daryao Daana Beena
13.) Dhan Dhan Ramdas Gur
14.) Birkhey Heith Shab Jant
15.) Jiska Sahib Dahda Hoye
16.) Har Kirtan Suniye
17.) Jaisi Main Aaweh Khasam Ki Baani
18.) Tum Daate Thaker Pritpalak
19.) Jog Baniya Tera Kirtan Gaayi
20.) Rain Gayi Mat Din Bhi Jaaye
21.) Prem Laago Har
22.) Gun Gobind Gaayo Nahin
23.) Prabh Harimandir
24.) Dukh Na Paave Koi
25.) More Babihe Bolde

There can be a lot more renditions of Shabads in his sweet and melodious voice, including All India Radio recordings, but mentioning every rendition is not possible. According to his own admission, he remembered at least 500 Shabads of Gurbani by heart and he was capable of singing each one effortlessly. For the past few years he was not serving the SGPC.

On 20th and 21st of March in 2020, he had some programs in Chandigarh. Soon thereafter he returned to his base in Amritsar. He had a minor cold related problem in Chandigarh. In Amritsar his condition did not improve, rather worsened. He got checked in Guru Ram Das University of Medical Sciences in Amritsar. But some confusion led to his transfer to Guru Nanak (Civil) Hospital attached to the Government Medical College Amritsar. In this hospital his condition worsened very quickly. He was feeling restless on the 1st of April. Early in the morning on 2nd of April, his condition turned worse. By 4:30 am, he had expired.

# ਰਾਗ ਮਧੂਕੌਂਸ (ਝੱਪਤਾਲ)

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

### ਰਾਗ ਮਧੂਕੌਂਸ

ਇਸ ਰਾਗ ਦੀ ਰਚਨਾ ਮਧੂਵੰਤੀ ਅਤੇ ਮਾਲਕੋਂਸ ਦੇ ਸੰਜੋਗ ਨਾਲ ਹੋਈ ਹੈ। ਇਸ ਓਢਵ ਰਾਗ ਵਿੱਚ ਗੰਧਾਰ, ਨਿਖਾਦ ਕੋਮਲ ਅਤੇ ਮੱਧਯਮ ਤੀਵਰ ਹੈ। ਰਾਤ ਦੇ ਦੂਸਰੇ ਪਹਿਰ ਗਾਏ ਜਾਣ ਵਾਲੇ ਇਸ ਰਾਗ ਦਾ ਵਾਦ ਸੰਵਾਦ ਪੰਚਮ - ਖਰਜ ਦਾ ਹੈ। ਨ਼ ਸ ਗੁ ਮਾਲੋਂਸ ਦਾ ਟੁਕੜਾ ਹੈ ਅਤੇ ਗੁ ਮ॑ ਪ (ਮ॑)ਗੁ ਮਧੂਵੰਤੀ ਦਾ ਸੁਰ ਸਮੂਹ ਹੈ। ਅਵਰੋਹ ਵਿੱਚ ਮਧੂਵੰਤੀ ਜਾਂ ਮੁਲਤਾਨੀ ਨਿਆਈ ਕੋਮਲ ਗੰਧਾਰ ਉੱਤੇ ਤੀਵਰ ਮੱਧਯਮ ਦੇ ਕਣ ਨਾਲ ਰਾਗ ਦੀ ਸੁੰਦਰਤਾ ਅਤੇ ਨਿਖਾਰ ਵਿੱਚ ਵਾਧਾ ਹੁੰਦਾ ਹੈ। ਖਰਜ, ਗੰਧਾਰ ਅਤੇ ਪੰਚਮ ਨਿਆਸ ਦੇ ਸੁਰ ਹਨ ਇਸ ਰਾਗ ਦੇ।

**ਆਰੋਹ**: ਨ਼ ਸ ਗੁ - ਮ॑ ਪ - ਨੁ ਸੰ

**ਅਵਰੋਹ**: ਸੰ ਨੁ ਪ - ਮ॑ ਗੁ ਸ

**ਮੁੱਖ ਅੰਗ**: ਨ਼ ਸ (ਮ॑)ਗੁ ਮ॑ ਪ ਗੁ - ਨ਼ - (ਸ)ਗੁ - ਸ।

**ਚਾਲ**: ਨ਼ ਸ ਗੁ - ਨ਼ - ਸ, ਸ - ਨ਼ ਪ਼ - ਨ਼ ਸ, ਮ਼॑ ਪ਼ ਨ਼ ਸ, ਨ਼ ਸ ਗੁ ਸ ਨ਼ ਪ਼ ਨ਼ ਸ, ਸ ਗੁ ਮ॑ ਗੁ - ਸ, ਨ਼ ਸ ਗੁ ਮ॑ ਪ - ਗੁ ਮ॑ ਪ - ਪ ਮ॑ ਗੁ ਮ॑ ਪ ਨੁ ਪ - ਪ - ਮ॑ ਗੁ - ਸ, ਗੁ ਮ॑ ਪ - ਪ ਮ॑ ਗੁ ਮ॑ ਪ ਨੁ ਪ - ਮ॑ ਪ ਗੁ ਮ॑ ਪ ਨੁ ਸੰ, ਪ ਨੁ ਸੰ ਗੁੰ - ਸੰ, ਪ ਨੁ ਪ ਮ॑ ਗੁ ਮ॑ ਪ ਨੁ ਸੰ, ਨੁ ਸੰ ਗੁੰ ਮ॑ੰ ਗੁੰ - ਸੰ, ਸੰ ਨੁ ਪ ਮ॑ ਗੁ ਮ॑ ਪ - ਨੁ ਪ ਮ॑ ਪ ਗੁ ਮ॑ ਗੁ - ਨ਼ ਨ਼ ਗੁ - ਸ - ਪ਼ ਨ਼ ਪ਼ ਨ਼ ਸ (ਮ॑)ਗੁ - ਸ।

## ਅਸਥਾਈ

| | | | | | | | | | |
|---|---|---|---|---|---|---|---|---|---|
| $^{ਸ}$ਗੁ | ਸ | ਨੁ਼ | ਪ਼ | ਨੁ਼ | $^{ਗੁ}$ਸ | ਗੁ | ਸ | – | – |
| ਭ | ਜ | ਮ | ऽ | ਨ | ਮੇ | ऽ | ਰੇ | ऽ | ऽ |
| ਸ | ਗੁ | ਮ॑ | ਪ | ਮ॑ | $^{ਮ॑}$ਗੁ | – | ਸ | – | – |
| ਏ | ऽ | ਕੋ | ऽ | ऽ | ਨਾ | ऽ | ਮ | ऽ | ऽ |
| ਨੁ਼ | ਸ | $^{ਮ॑}$ਗੁ | ਮ॑ | ਪ | ਨੁ | – | ਪ | ਮ॑ | ਪ |
| ਜੀ | ਅ | ऽ | ऽ | ਤੇ | ਰੇ | ऽ | ਕੈ | ऽ | ऽ |
| $^{ਮ॑}$ਗੁ | – | ਸ | – | ਨੁ਼ | $^{ਨੁ਼}$ਸ | ਗੁ | ਸ | – | – |
| ਆ | ऽ | ਵੈ | ऽ | ऽ | ਕਾ | ऽ | ਮ | ऽ | ऽ |
| x | | ੨ | | | ੦ | | ੩ | | |

## ਅੰਤਰਾ

| | | | | | | | | | |
|---|---|---|---|---|---|---|---|---|---|
| ਪ | ਮ॑ | ਗੁ | ਮ॑ | ਪ | $^{ਸੰ}$ਨੁ | ਪ | ਨੁ | – | ਸੰ |
| ਹ | ਰ | ਸਿ | ऽ | ਮ | ਰ | ਤ | ਤੇ | ऽ | ਰੀ |
| ਸੰ | ਗੁੰ | ਸੰ | ਨੁ | ਪ | ਪ | ਨੁ | ਪ | ਮ॑ | ਪ |
| ਜਾ | ऽ | ਇ | ऽ | ਬ | ਲਾ | ऽ | ਇ | ऽ | ऽ |
| ਪ | ਨੁ | ਸੰ | – | ਨੁਨੁ | ਪਨੁ | ਪਮ॑ | ਗੁਮ॑ | ਪਮ॑ | ਪ |
| ਸ | ਰ | ਬ | ऽ | ਕਲਿ | ਆऽ | ऽऽ | ਣੇऽ | ऽऽ | ਵ |
| $^{ਪ}$ਗੁ | – | ਸ | – | ਨੁ਼ | ਸ | ਗੁ | ਸ | – | – |
| ਸੈ | ऽ | ਮ | ऽ | ਨ | ਆ | ऽ | ਇ | ऽ | ऽ |
| x | | ੨ | | | ੦ | | ੩ | | |

ਸਲੋਕ ਮਃ ੩ ॥

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥

ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥

ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥

ਭਾਈ ਨਿਰਮਲ ਸਿੰਘ ਖ਼ਾਲਸਾ **ਸ਼ਬਦ ਰੀਤ** **ਕਹਿਰਵਾ (ਬੀ.ਪੀ.ਐਮ. 130)**

| | 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|---|
| | X | | | | O | | | | X | | | | O | | | |
| ਸੁਰ | | | **ਸਥਾਈ** | | | | | -ਸਾ | .ਧ | ਸਾ | ਰੇ | ਗੁ | - | - | ਗੁਰੇ | ਰੇਸਾ |
| **ਬਾਣੀ** | | | | | | | | **-ਬਾ** | **ਬੀ** | **-** | **ਹਾ** | **-** | **-** | **-** | **- -** | **- -** |
| ਸੁਰ | - | -ਸਾ | -ਰੇ | -ਰੇ | ਗ | - | - | ਰੇਸਾ | ਸਾ | ਸਾ | ਸਾ | - | - | - | - | - |
| **ਬਾਣੀ** | **-** | **-ਅੰ** | **-ਮ੍ਰਿ** | **-ਤ** | **ਵੇ** | **-** | **-** | **ਲੈ-** | **ਬੋ** | **ਲਿ** | **ਆ** | **-** | **-** | **-** | **-** | **-** |
| ਸੁਰ | - | - | ਮ | ਮਮ | ਮਮ | - | ਪ | -ਮ | ਗ | ਰੇ | ਗ | - | - | ਮਗ | ਰੇ | ਸਾ |
| **ਬਾਣੀ** | **-** | **-** | **ਤਾਂ** | **ਦਰਿ** | **ਸੁਣੀ** | **-** | **-** | **-ਪੁ** | **ਕਾ** | **-** | **ਰ** | **-** | **-** | **- -** | **-** | **-** |
| ਸੁਰ | - | - | ਮ | ਮਮ | ਮਮ | - | (ਪ) | -ਮ | ਗ | ਰੇ | ਗ | - | - | - | - | -ਸਾ |
| **ਬਾਣੀ** | **-** | **-** | **ਤਾਂ** | **ਦਰਿ** | **ਸੁਣੀ** | **-** | **-** | **-ਪੁ** | **ਕਾ** | **-** | **ਰ** | **-** | **-** | **-** | **-** | **-ਬਾ** |
| | | | | | | | | | | | | | | | | |
| ਸੁਰ | | | **ਅੰਤਰਾ** | | | | -ਪ | ਧ | ਸਾਂ | - | - | ਸਾਂਸਾਂ | ਸਾਂਰੇਂ | ਰੇਂਸਾਂ | ਰੇਂਗਂ | ਗਂਰੇਂ |
| **ਬਾਣੀ** | | | | | | | **-ਮੇ** | **ਘੈ** | **ਨੋ** | **-** | **-** | **ਫੁਰ** | **ਮਾ-** | **- -** | **- -** | **ਨੁ-** |
| ਸੁਰ | ਗਂਰੇਂ | ਸਾਂ | ਸਾਂ | - | - | - | - | - | ਨੀਰੇਂ | ਸਾਂਨੀ | ਧਪ | ਪਧ | ਨੀਧ | ਪ | ਨੀਨੀ | ਨੀ |
| **ਬਾਣੀ** | **ਹੋ-** | **-** | **ਆ** | **-** | **-** | **-** | **-** | **-** | **- -** | **- -** | **- -** | **- -** | **- -** | **-** | **ਵਰ** | **ਸਹੁ** |
| ਸੁਰ | ਸਾਂਧ | - | ਧਪ | ਮਗ | ਮ | - | ਪ | - | - | - | ਧ | ਨੀ | - | - | ਨੀਨੀ | ਨੀ |
| **ਬਾਣੀ** | - - | - | ਕਿਰ | ਪਾ- | ਧਾ | - | ਰਿ | - | - | - | - | - | - | - | ਵਰ | **ਸਹੁ** |
| ਸੁਰ | ਸਾਂਧ | - | ਧਪ | ਮਗ | ਮ | - | ਪ | - | ਪਨ਼ੀ | ਧਪ | ਮਗ | ਰੇਗ | ਸਾਰੇ | ਗਸਾ | - | -ਸਾ |
| **ਬਾਣੀ** | **- -** | **-** | **ਕਿਰ** | **ਪਾ** | **ਧਾ** | **-** | **ਰਿ** | **- -** | **- -** | **- -** | **- -** | **- -** | **- -** | **- -** | **-** | **-ਬਾ** |

ਸੁਰਲਿਪੀਕਾਰ - **ਪ੍ਰੋ. ਸਵਰਲੀਨ ਕੌਰ**, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਿਹਗੜ੍ਹ ਸਾਹਿਬ

# ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਗਉੜੀ ਮਹਲਾ ੫ ॥

ਹਰਿ ਸਿਮਰਤ ਤੇਰੀ ਜਾਇ ਬਲਾਇ ॥
ਸਰਬ ਕਲਿਆਣ ਵਸੈ ਮਨਿ ਆਇ ॥੧॥
ਭਜੁ ਮਨ ਮੇਰੇ ਏਕੋ ਨਾਮ ॥
ਜੀਅ ਤੇਰੇ ਕੈ ਆਵੈ ਕਾਮ ॥੧॥ ਰਹਾਉ ॥
ਰੈਣਿ ਦਿਨਸੁ ਗੁਣ ਗਾਉ ਅਨੰਤਾ ॥
ਗੁਰ ਪੂਰੇ ਕਾ ਨਿਰਮਲ ਮੰਤਾ ॥੨॥
ਛੋਡਿ ਉਪਾਵ ਏਕ ਟੇਕ ਰਾਖੁ ॥
ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥
ਬਿਖਮ ਸਾਗਰੁ ਤੇਈ ਜਨ ਤਰੇ ॥
ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥

ENGLISH TRANSLATION:

Gauree, Fifth Mehl:

Remembering the Lord in meditation, your misfortune shall be taken away, and all joy shall come to abide in your mind. ||1|| Meditate, O my mind, on the One Name. It alone shall be of use to your soul. ||1||Pause|| Night and day, sing the Glorious Praises of the Infinite Lord, through the Pure Mantra of the Perfect Guru. ||2|| Give up other efforts, and place your faith in the Support of the One Lord. Taste the Ambrosial Essence of this, the greatest treasure. ||3|| They alone cross over the treacherous world-ocean, O Nanak, upon whom the Lord casts His Glance of Grace. ||4||68||137||

*(SGGS Page: 193)*

RNI Regd. No.46788/89 ISSN 0972-2335

